

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਅਰਜੇਨਟੀਨਾ ਤੇ ਉਰੂਗਵੇ ਦੇ ਰਾਜਦੂਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ, ਮੱਥਾ ਟੇਕ ਕੀਤੀ ਅਰਦਾਸ 05

**ਅੰਦਰਲੀ ਖ਼ਬਰ**
ਦੁਨੀਆ ਭਰ 'ਚ ਇਕ ਮੰਡੀ ਦਾ ਰੂਪ ਧਾਰਨ ਕਰ ਰਿਹਾ ਹੈ : ਦੇਹ ਵਪਾਰ 10



**ਲੇਖ**
ਬੁਰੇ ਹੋਣ ਦਾ ਤਰਕਹੀਣ ਅਹਿਸਾਸ (Stigma)




PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 09 ਜਨਵਰੀ ਤੋਂ 15 ਜਨਵਰੀ, 2025 | Email :- editor@punjabstar.com, Vo. 20. Issue:1167


# ਤਿੱਬਤ 'ਚ ਜ਼ੋਰਦਾਰ ਭੂਚਾਲ ਕਾਰਨ 126 ਮੌਤਾਂ

## ਸ਼ਿਗਾਜ਼ੇ ਸ਼ਹਿਰ 'ਚ 6.8 ਦੀ ਸ਼ਿੱਦਤ ਨਾਲ ਆਇਆ ਭੂਚਾਲ; 188 ਵਿਅਕਤੀ ਜ਼ਖ਼ਮੀ, 1000 ਤੋਂ ਵੱਧ ਘਰ ਹੋਏ ਢਹਿ-ਢੇਰੀ



ਪੇਈਚਿੰਗ (ਪੰਜਾਬ ਸਟਾਰ ਬਿਊਰੋ): ਚੀਨ 'ਚ ਤਿੱਬਤ ਦੀ ਖੁਦਮੁਖਤਿਆਰੀ ਵਾਲੇ ਇਲਾਕੇ ਦੇ ਸ਼ਹਿਰ ਸ਼ਿਗਾਜ਼ੇ ਵਿੱਚ 6.8 ਦੀ ਸ਼ਿੱਦਤ ਨਾਲ ਭੂਚਾਲ ਆਇਆ, ਜਿਸ ਕਾਰਨ ਜਿੱਥੇ 126 ਵਿਅਕਤੀਆਂ ਦੀ ਮੌਤ ਹੋ ਗਈ, ਉੱਥੇ 188 ਜਣੇ ਜ਼ਖਮੀ ਹੋ ਗਏ। ਭੂਚਾਲ ਦੇ ਝਟਕੇ ਗੁਆਂਢੀ ਮੁਲਕ ਨੇਪਾਲ 'ਚ ਵੀ ਮਹਿਸੂਸ ਕੀਤੇ ਗਏ। ਖੇਤਰੀ ਆਫ਼ਤ ਪ੍ਰਬੰਧਨ ਮੁੱਖ ਦਫ਼ਤਰ ਮੁਤਾਬਕ ਇਹ ਭੂਚਾਲ ਸ਼ਿਗਾਜ਼ੇ ਦੀ ਡਿੰਗਰੀ ਕਾਊਂਟੀ 'ਚ ਸਵੇਰੇ 9.05 ਵਜੇ ਆਇਆ। ਹਾਲਾਂਕਿ, ਅਮਰੀਕਾ ਦੀ ਜੀਓਲੌਜੀਕਲ ਸਰਵਿਸ ਨੇ ਭੂਚਾਲ ਦੀ ਤੀਬਰਤਾ 7.1 ਦੱਸੀ ਹੈ। ਮੁਲਕ ਦੀ ਖ਼ਬਰ ਏਜੰਸੀ 'ਸ਼ਿਨਹੁਆ' ਮੁਤਾਬਕ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਚਲਾਉਣ ਦੇ ਹੁਕਮ ਦਿੱਤੇ ਹਨ। ਭੂਚਾਲ ਮਗਰੋਂ ਚੀਨ ਦੇ ਭੂਚਾਲ ਪ੍ਰਬੰਧਨ ਵਿਭਾਗ ਨੇ * ਬਾਕੀ ਸਫਾ 2 'ਤੇ


# ਡਗ ਫ਼ੋਰਡ ਵੱਲੋਂ ਅਮਰੀਕਾ ਦਾ ਅਲਾਸਕਾ ਸੂਬਾ ਖਰੀਦਣ ਦੀ ਪੇਸ਼ਕਸ਼




ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣਾ ਦੀ ਸੁਰ ਅਲਾਪ ਰਹੇ ਡੌਨਲਡ ਟਰੰਪ ਨੂੰ ਮੋੜਵਾਂ ਜਵਾਬ ਦਿੰਦਿਆਂ ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਅਮਰੀਕਾ ਦਾ ਅਲਾਸਕਾ ਸੂਬਾ ਖਰੀਦਣ ਦੀ ਪੇਸ਼ਕਸ਼ ਕਰ ਦਿਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਗ ਫੋਰਡ ਨੇ ਕਿਹਾ, ''ਜੇ ਅਸੀਂ ਅਲਾਸਕਾ ਖਰੀਦ ਲਈਏ ਅਤੇ ਇਸ ਦੇ ਨਾਲ ਹੀ ਮਿਨੇਸੋਟਾ ਵੱਲ ਵੀ ਧਿਆਨ ਕੇਂਦਰਤ ਕੀਤਾ ਜਾਵੇ ਤਾਂ ਕਿਵੇਂ ਰਹੇਗਾ?'' ਡਗ ਫੋਰਡ ਦਾ ਕਹਿਣਾ ਸੀ ਕਿ ਟਰੰਪ ਵੱਲੋਂ ਕੀਤੀਆਂ ਜਾ ਰਹੀਆਂ ਗੱਲਾਂ ਅਸਲੀਅਤ ਤੋਂ * ਬਾਕੀ ਸਫਾ 2 'ਤੇ

# ਕੈਨੇਡਾ ਕਿਸੇ ਵੀ ਹਾਲਤ ਵਿੱਚ ਅਮਰੀਕਾ ਦੇ ਨਾਲ ਨਹੀਂ ਰਲੇਗਾ : PM ਟਰੂਡੋ

## ਭਵਿੱਖੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦੇ 51ਵੇਂ ਰਾਜ ਵਜੋਂ ਸ਼ਾਮਲ ਕਰਨ ਦੇ ਪ੍ਰਸਤਾਵ ਤੇ ਕੀਤੀਆਂ ਟਿੱਪਣੀਆਂ



ਓਟਾਵਾ (ਪੰਜਾਬ ਸਟਾਰ ਬਿਊਰੋ): ਜਸਟਿਨ ਟਰੂਡੋ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਐਲਾਨ ਤੋਂ ਕੁਝ ਘੰਟੇ ਬਾਅਦ ਹੀ ਅਮਰੀਕਾ ਦੇ ਭਵਿੱਖੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਕੈਨੇਡਾ ਨੂੰ 51ਵੇਂ ਰਾਜ ਵਜੋਂ ਰਲੇਵੇਂ' ਦਾ ਪ੍ਰਸਤਾਵ ਲਿਆਂਦਾ ਗਿਆ ਸੀ। ਟਰੂਡੋ ਨੇ ਹਾਲ ਹੀ ਵਿੱਚ ਇਸ ਪ੍ਰਸਤਾਵ ਦਾ ਜਵਾਬ ਦਿੱਤਾ ਹੈ। ਐਕਸ ਤੇ ਖੁਲਾਸਾ ਕਰਦੇ ਟਰੂਡੋ ਨੇ ਕਿਹਾ ਕਿ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਨ ਦੀ ਕੋਈ ਵੀ ਲੋੜ ਅਤੇ ਸੰਭਾਵਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਰਤ, ਵਪਾਰ ਅਤੇ ਸੁਰੱਖਿਆ ਭਾਈਵਾਲੀ ਤੋਂ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਲਾਭ ਹੋ ਰਿਹਾ ਹੈ। ਇਸ ਦੌਰਾਨ ਡੋਨਾਲਡ ਟਰੰਪ ਨੇ ਹਾਲ ਹੀ 'ਚ ਕਿਹਾ ਸੀ ਕਿ ਉਹ ਕੈਨੇਡਾ ਅਤੇ ਮੈਕਸੀਕੋ 'ਤੇ 25 ਫੀਸਦੀ ਉਹ ਟੈਕਸ ਲਗਾਉਣਗੇ। ਇਸ ਤੋਂ ਬਾਅਦ ਟਰੂਡੋ ਨੇ ਟਰੰਪ ਨਾਲ ਮੁਲਾਕਾਤ ਕੀਤੀ। ਅਮਰੀਕਾ ਦੇ ਭਵਿੱਖੀ ਰਾਸ਼ਟਰਪਤੀ ਟਰੰਪ ਨੇ ਚੇਤਾਵਨੀ ਦਿੱਤੀ ਕਿ ਸਰਹੱਦਾਂ ਦੇ ਅੰਦਰ ਇਮੀਗ੍ਰੇਸ਼ਨ ਅਤੇ ਡਰੱਗ ਤਸਕਰੀ ਨੂੰ ਰੋਕਿਆ ਜਾਣਾ ਚਾਹੀਦਾ ਹੈ। ਜੇਕਰ ਨਹੀਂ ਤਾਂ ਉਹ ਟੈਰਿਫ ਵਧਾਏਗਾ। ਦੱਸਿਆ ਜਾ ਰਿਹਾ ਹੈ ਕਿ ਇਸ ਮੌਕੇ ਟਰੂਡੋ ਨੂੰ ਧਮਕੀ ਵੀ ਦਿੱਤੀ ਗਈ ਸੀ ਕਿ ਜੇਕਰ ਉਹ ਅਸਫਲ ਰਹਿੰਦੇ ਹਨ ਤਾਂ ਉਹ ਅਮਰੀਕਾ ਦੇ 51ਵੇਂ ਰਾਜ ਵਿੱਚ ਸ਼ਾਮਲ ਹੋ * ਬਾਕੀ ਸਫਾ 2 'ਤੇ

# ਟਰੂਡੋ ਵੱਲੋਂ ਅਸਤੀਫ਼ੇ ਦੇ ਐਲਾਨ ਮਗਰੋਂ ਨਵੇਂ ਨੇਤਾ ਦੀ ਭਾਲ ਸ਼ੁਰੂ



ਵੈਨਕੂਵਰ (ਪੰਜਾਬ ਸਟਾਰ ਬਿਊਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਸਤੀਫ਼ੇ ਦੇ ਐਲਾਨ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਉਨ੍ਹਾਂ ਦੀ ਥਾਂ ਲੈਣ ਬਾਰੇ ਚਿਹਰਿਆਂ ਸਬੰਧੀ ਚਰਚਾ ਜ਼ੋਰ ਫੜਨ ਲੱਗੀ ਹੈ। ਅਸਤੀਫ਼ੇ ਦੇ ਐਲਾਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਗਵਰਨਰ ਜਨਰਲ ਨਾਲ ਕੀਤੀ ਗਈ ਮੀਟਿੰਗ 'ਚ ਸੰਸਦੀ ਕਾਰਵਾਈ 24 ਮਾਰਚ ਤੱਕ ਠੱਪ ਰੱਖਣ ਦੀ ਬੇਨਤੀ ਮਨਵਾਉਣ ਕਾਰਨ ਇਹ ਸਰਕਾਰ ਢਾਈ ਮਹੀਨੇ ਹੋਰ ਟਿਕੀ ਰਹਿ ਸਕੇਗੀ ਤੇ ਇੰਝ ਇਹ ਕਦਮ ਜਸਟਿਨ ਟਰੂਡੋ ਦੀ ਸਿਆਸੀ ਸੂਝ ਦਾ ਸਬੂਤ ਪੇਸ਼ ਕਰਦਾ ਹੈ। ਉੱਧਰ, ਤਿੰਨੋਂ ਵਿਰੋਧੀ ਪਾਰਟੀਆਂ- ਕੰਜ਼ਰਵੇਟਿਵ, ਐੱਨਡੀਪੀ ਅਤੇ ਬਲਾਕ ਕਿਊਬਕ ਦੇ ਆਗੂ ਚੋਣ ਰਣਨੀਤੀਆਂ ਘੜਨ ਵਿੱਚ ਰੁਝਣ ਦੇ ਨਾਲ-ਨਾਲ ਇਸ ਗੱਲ 'ਤੇ ਵੀ ਧਿਆਨ ਕੇਂਦਰਤ ਕਰਨ ਲੱਗੀਆਂ ਹਨ ਕਿ ਲਿਬਰਲ ਪਾਰਟੀ ਦੇ ਨਵੇਂ ਆਗੂ ਦਾ ਹਾਰ ਕਿਸਦੇ ਗਲ ਵਿੱਚ ਪਵੇਗਾ?

ਕੁਝ ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਜਸਟਿਨ ਟਰੂਡੋ ਦਾ ਪਾਰਟੀ ਵਿੱਚ ਆਧਾਰ ਬਾਕੀ ਹੈ ਤੇ ਹੋ ਸਕਦਾ ਹੈ ਕਿ ਉਸ ਦੀ ਪਸੰਦ ਨਵੇਂ ਆਗੂ ਦੀ ਦੌੜ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਦੇ ਹੱਕ ਵਿੱਚ ਵਾਧਾ ਕਰੇ ਤੇ ਪਾਰਟੀ ਅਗਲੀਆਂ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰ ਸਕੇ। ਤਿੰਨੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕਿਹਾ ਹੈ ਕਿ ਚੋਣਾਂ ਵਿੱਚ ਹੁਣ ਬਹੁਤੀ ਦੇਰ ਨਹੀਂ, ਕਿਉਂਕਿ ਉਹ ਸੰਸਦੀ ਕਾਰਵਾਈ ਦੇ ਪਹਿਲੇ ਦਿਨ ਟਰੂਡੋ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਪਾਸ ਕਰ ਕੇ ਚੋਣਾਂ ਦਾ ਰਾਹ ਖੋਲ੍ਹ ਦੇਣਗੇ।

**ਪਾਰਟੀ ਲੀਡਰ ਬਣਨ ਦੀ ਦੌੜ 'ਚ ਸ਼ਾਮਲ ਨੇ ਕਈ ਚਿਹਰੇ**

ਮੌਜੂਦਾ ਸਮੇਂ ਲਿਬਰਲ ਪਾਰਟੀ ਦੇ ਕਈ ਸੀਨੀਅਰ ਸੀਨੀਅਰ * ਬਾਕੀ ਸਫਾ 2 'ਤੇ

# ਅਮਰੀਕਾ : 2 ਭਾਰਤੀ ਕੰਪਨੀਆਂ 'ਤੇ ਲੱਗੇ ਫੈਂਟਾਨਿਲ ਵਾਲਾ ਕੈਮੀਕਲ ਵੇਚਣ ਦੇ ਦੋਸ਼



ਨਿਊਯਾਰਕ (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿਚ ਦੋ ਭਾਰਤੀ ਕੰਪਨੀਆਂ ਅਤੇ ਇਕ ਕੰਪਨੀ ਦੇ ਮਾਲਕ ਭਾਵੇਸ਼ ਲਾਠੀਆ ਵਿਰੁੱਧ ਫੈਂਟਾਨਿਲ ਤਿਆਰ ਕਰਨ ਵਾਸਤੇ ਵਰਤਿਆ ਜਾਣ ਵਾਲੀ ਕੈਮੀਕਲ ਵੇਚਣ ਦੇ ਦੋਸ਼ ਆਇਦ ਕੀਤੇ ਗਏ ਹਨ। ਭਾਵੇਸ਼ ਲਾਠੀਆ ਨੂੰ ਨਿਊ ਯਾਰਕ ਸ਼ਹਿਰ ਤੋਂ ਗ੍ਰਿਫ਼ਤਾਰ ਕਰਦਿਆਂ ਪੂਰਬੀ ਜ਼ਿਲ੍ਹੇ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਜਿਥੇ ਉਸ ਨੂੰ ਅਗਲੇ ਹੁਕਮਾਂ ਤੱਕ ਜੇਲ ਵਿਚ ਰੱਖਣ ਦੇ ਹੁਕਮ ਜਾਰੀ ਕੀਤੇ ਗਏ। ਅਟਾਰਨੀ ਜਨਰਲ ਮੈਰਿਕ ਬੀ. ਗਾਰਲੈਂਡ ਨੇ ਦੱਸਿਆ ਕਿ ਫੈਂਟਾਨਿਲ ਦੀ ਤਸਕਰੀ ਦੇ ਹਰ ਸਰੋਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਇਹ ਘੇਰਾ ਕਈ ਮੁਲਕਾਂ ਤੱਕ ਫੈਲਿਆ ਹੋਇਆ ਹੈ।

**ਭਾਵੇਸ਼ ਲਾਠੀਆ ਨੂੰ ਗ੍ਰਿਫਤਾਰ ਕਰ ਕੇ ਜੇਲ ਭੇਜਿਆ**

ਇਨ੍ਹਾਂ ਕੰਪਨੀਆਂ ਅਤੇ ਇਕ ਕੰਪਨੀ ਦੇ ਬਾਨੀ ਨੂੰ ਵਿਰੁਧ ਕਾਰਵਾਈ ਕੀਤੀ ਗਈ ਹੈ ਜਿਨ੍ਹਾਂ ਵੱਲੋਂ ਕਥਿਤ ਤੌਰ ਫੈਂਟਾਨਿਲ ਤਿਆਰ ਕਰਨ ਲਈ ਕੱਚੇ ਮਾਲ ਵਜੋਂ ਵਰਤਿਆ ਜਾਣ ਵਾਲਾ ਕੈਮੀਕਲ ਭਾਰਤ ਤੋਂ ਅਮਰੀਕਾ ਅਤੇ ਮੈਕਸੀਕੋ ਭੇਜਿਆ ਗਿਆ। ਫੈਂਟਾਨਿਲ ਕਾਰਨ ਜਾਨ ਗਵਾਉਣ ਵਾਲਿਆਂ ਨੂੰ ਭੁਲਾਇਆ ਨਹੀਂ ਜਾ ਸਕਦਾ ਅਤੇ ਇਨ੍ਹਾਂ ਮੌਤਾਂ ਦੇ ਜ਼ਿੰਮੇਵਾਰ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਈ ਜਾਵੇਗੀ। ਇਸੇ ਦੌਰਾਨ ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਮੰਤਰੀ ਐਲਹੈਂਦਰੋ ਮਯੋਰਕਸ ਨੇ ਕਿਹਾ ਕਿ ਮੁਲਕ ਵਿਚ ਪੁੱਜਣ ਵਾਲੀ ਫੈਂਟਾਨਿਲ ਦਾ ਜ਼ਿਆਦਾਤਰ ਹਿੱਸਾ ਵਿਦੇਸ਼ਾਂ ਤੋਂ ਆਉਂਦਾ ਹੈ ਅਤੇ ਨਸ਼ਾ ਤਸਕਰ ਗਿਰੋਹ ਇਸ ਖਤਰਨਾਕ ਨਸ਼ੇ ਨੂੰ ਵੱਡੇ ਪੱਧਰ 'ਤੇ ਸਪਲਾਈ ਕਰਨ ਦੇ ਯਤਨ ਕਰਦੇ ਹਨ। ਇਥੇ ਦਸਣਾ ਬਣਦਾ ਹੈ ਕਿ ਫੈਂਟਾਨਿਲ ਬੇਹੱਦ ਖਤਰਨਾਕ ਨਸ਼ਾ ਮੰਨਿਆ ਜਾਂਦਾ ਹੈ ਜੋ ਹੈਰੋਇਨ ਤੋਂ 50 ਗੁਣਾ ਅਤੇ ਮੌਰਫਿਨ ਤੋਂ 100 ਗੁਣਾ ਨਸ਼ਾ ਕਰ ਸਕਦਾ ਹੈ। ਭਾਵੇਸ਼ ਲਾਠੀਆ ਅਤੇ ਉਸ ਦੀ ਕੰਪਨੀ * ਬਾਕੀ ਸਫਾ 2 'ਤੇ

# ਟਰੰਪ ਨੇ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਦੀ ਪੇਸ਼ਕਸ਼ ਦੁਹਰਾਈ



ਪੰਜਾਬ ਸਟਾਰ ਬਿਊਰੋ: ਵਾਸ਼ਿੰਗਟਨ : ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਸਤੀਫ਼ੇ ਮਗਰੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਆਪਣੀ ਪੇਸ਼ਕਸ਼ ਦੁਹਰਾਈ ਹੈ। ਟਰੰਪ (78) ਨੇ ਪਿਛਲੇ ਸਾਲ 5 ਨਵੰਬਰ ਨੂੰ ਰਾਸ਼ਟਰਪਤੀ ਦੀ ਚੋਣ ਜਿੱਤਣ ਮਗਰੋਂ ਟਰੂਡੋ ਨਾਲ ਮੁਲਾਕਾਤ ਕੀਤੀ ਸੀ, ਜਿਸ ਮਗਰੋਂ ਟਰੰਪ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਲਗਾਤਾਰ ਇੱਛਾ ਜਤਾਉਂਦੇ ਆ ਰਹੇ ਹਨ। ਟਰੰਪ ਕਈ ਵਾਰ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਵੀ ਇਸ ਪੇਸ਼ਕਸ਼ ਦਾ ਜ਼ਿਕਰ ਕਰ ਚੁੱਕੇ ਹਨ। ਟਰੰਪ ਦੇ 2017 ਤੋਂ 2021 ਦੇ ਪਿਛਲੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਦੇ ਟਰੂਡੋ ਨਾਲ ਸਬੰਧ ਕੋਈ ਬਹੁਤੇ ਚੰਗੇ ਨਹੀਂ ਰਹੇ ਸਨ। ਟਰੰਪ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਟਰੁਥ ਸੋਸ਼ਲ' ਉੱਤੇ ਇਕ ਪੋਸਟ ਵਿਚ ਕਿਹਾ, ''ਕੈਨੇਡਾ ਵਿਚ ਬਹੁਤ ਸਾਰੇ ਲੋਕ ਆਪਣੇ ਦੇਸ਼ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੇ ਇੱਛੁਕ ਹਨ। ਅਮਰੀਕਾ ਵੱਡੇ ਵਪਾਰਕ ਘਾਟੇ ਅਤੇ ਸਬਸਿਡੀਆਂ ਨੂੰ ਸਹਿਣ ਨਹੀਂ ਕਰ ਸਕਦਾ, ਜਿਸ ਦੀ ਕੈਨੇਡਾ ਨੂੰ ਆਪਣਾ ਵੱਕਾਰ ਬਚਾਅ ਕੇ ਰੱਖਣ ਦੀ ਲੋੜ ਹੈ। ਜਸਟਿਨ ਟਰੂਡੋ ਨੂੰ ਇਹ ਪਤਾ ਸੀ ਜਿਸ ਕਾਰਨ ਉਨ੍ਹਾਂ ਅਸਤੀਫ਼ਾ ਦੇ ਦਿੱਤਾ ਹੈ। ਜੇ ਕੈਨੇਡਾ, ਅਮਰੀਕਾ ਦਾ ਹਿੱਸਾ ਬਣ ਜਾਂਦਾ ਹੈ ਤਾਂ ਨਾ ਕੋਈ ਨਵਾਂ ਟੈਕਸ ਲੱਗੇਗਾ ਅਤੇ ਬਾਕੀ ਦੇ ਟੈਕਸ ਬਹੁਤ ਘੱਟ ਹੋ ਜਾਣਗੇ। ਉਹ ਰੂਸੀ ਅਤੇ ਚੀਨੀ ਜਹਾਜ਼ਾਂ ਦੇ ਖਤਰੇ ਤੋਂ ਵੀ ਪੂਰੀ ਤਰ੍ਹਾਂ ਸੁਰੱਖਿਅਤ ਰਹਿਣਗੇ, ਜੋ ਲਗਾਤਾਰ ਉਨ੍ਹਾਂ ਨੂੰ ਘੇਰੀ ਰੱਖਦੇ ਹਨ। ਰਲ ਕੇ ਇਹ ਕਿੰਨਾ ਮਹਾਨ ਦੇਸ਼ ਬਣੇਗਾ।'' * ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2



Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ www.punjabstar.com

# ਕੈਲੀਫ਼ੋਰਨੀਆ 'ਚ ਅੱਗ ਲੱਗਣ ਕਾਰਨ ਕਈ ਵੱਡੀਆਂ ਹਸਤੀਆਂ ਦੇ ਸੜੇ ਘਰ

## ਕਮਲਾ ਹੈਰਿਸ ਦਾ ਘਰ ਵੀ ਕਰਵਾਇਆ ਖ਼ਾਲੀ



ਅਮਰੀਕਾ ਦੇ ਕੈਲੀਫ਼ੋਰਨੀਆ ਰਾਜ ਦੇ ਲਾਸ ਏਂਜਲਸ ਦੇ ਜੰਗਲਾਂ ਵਿੱਚ ਲੱਗੀ ਅੱਗ ਸ਼ਹਿਰ ਤਕ ਪਹੁੰਚ ਗਈ ਹੈ। ਮੰਗਲਵਾਰ ਨੂੰ ਲੱਗੀ ਅੱਗ ਨਾਲ ਹੁਣ ਤਕ 4,856 ਹੈਕਟੇਅਰ ਖੇਤਰ ਪ੍ਰਭਾਵਿਤ ਹੋਇਆ ਹੈ। ਅੱਗ ਵਿੱਚ ਲਗਭਗ 1,100 ਇਮਾਰਤਾਂ ਪੂਰੀ ਤਰ੍ਹਾਂ ਸੜ ਗਈਆਂ ਅਤੇ 28,000 ਘਰ ਨੁਕਸਾਨੇ ਗਏ।

ਹੁਣ ਜੰਗਲ ਵਿੱਚ ਫ਼ੈਲੀ ਅੱਗ ਕਾਰਨ 5 ਲੋਕਾਂ ਦੀ ਮੌਤ ਹੋ ਗਈ ਹੈ। ਲਗਭਗ 50 ਹਜ਼ਾਰ ਲੋਕਾਂ ਨੂੰ ਤੁਰਤ ਆਪਣੇ ਘਰ ਖ਼ਾਲੀ ਕਰਨ ਲਈ ਕਿਹਾ ਗਿਆ ਹੈ। ਲਗਭਗ 3 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੇ ਨਿਰਦੇਸ਼ ਦਿੱਤੇ ਗਏ ਹਨ। ਪ੍ਰਸ਼ਾਸਨ ਨੇ ਸ਼ਹਿਰ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ।

ਲਾਸ ਏਂਜਲਸ ਸ਼ਹਿਰ ਦੇ ਪਾਸ਼ ਪੈਲੀਸੇਡਸ ਇਲਾਕੇ ਵਿੱਚ ਅੱਗ ਲੱਗਣ ਨਾਲ ਕਈ ਹਾਲੀਵੁੱਡ ਸਿਤਾਰਿਆਂ ਦੇ ਬੰਗਲੇ ਤਬਾਹ ਹੋ ਗਏ ਹਨ। ਮਾਰਕ ਹੈਮਿਲ, ਪੈਰਿਸ ਹਿਲਟਨ, ਜੈਮੀ ਲੀ ਕਰਟਿਸ, ਮੈਂਡੀ ਮੂਰ, ਮਾਰੀਆ ਸ਼੍ਰੀਵਰ, ਐਸ਼ਟਨ ਕੁਚਰ, ਜੇਮਜ਼ ਵੁੱਡਸ ਅਤੇ ਲੀਟਨ ਮੀਸਟਰ ਸਮੇਤ ਕਈ ਹਾਲੀਵੁੱਡ ਸਿਤਾਰਿਆਂ ਦੇ ਘਰਾਂ ਨੂੰ ਅੱਗ ਲੱਗ ਗਈ। ਕਈ ਮਸ਼ਹੂਰ ਹਸਤੀਆਂ ਨੂੰ ਆਪਣੇ ਘਰ ਛੱਡਣੇ ਪਏ ਹਨ। ਅੱਗ ਲੱਗਣ ਕਾਰਨ ਲਾਸ ਏਂਜਲਸ ਦੇ ਬ੍ਰੈਂਟਵੁੱਡ ਇਲਾਕੇ ਵਿੱਚ ਸਥਿਤ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਘਰ ਨੂੰ ਖ਼ਾਲੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਲਾਸ ਏਂਜਲਸ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਕਾਊਂਟੀ ਹੈ। ਇੱਥੇ 1 ਕਰੋੜ ਤੋਂ ਵੱਧ ਲੋਕ ਰਹਿੰਦੇ ਹਨ। ਇੱਥੋਂ ਦੇ ਫ਼ਿਲਮ ਇੰਡਸਟਰੀ ਦਾ ਨਾਮ ਮਸ਼ਹੂਰ ਹਾਲੀਵੁੱਡ ਇਲਾਕੇ ਦੇ ਨਾਮ 'ਤੇ ਰੱਖਿਆ ਗਿਆ ਹੈ।

# ਡੱਗ ਫੋਰਡ ਵੱਲੋਂ ਕੈਨੇਡਾ-ਅਮਰੀਕਾ ਸਬੰਧਾਂ ਦੀ ਮਜ਼ਬੂਤੀ ਲਈ ਤਜਵੀਜ਼ ਤਿਆਰ

ਓਂਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਨੇ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਦੀ ਟੈਰਿਫ ਵਾਧੇ ਦੀ ਧਮਕੀ ਨੂੰ ਠੁੱਸ ਕਰਨ ਲਈ ਇੱਕ ਤਜਵੀਜ਼ ਦੀ ਰੂਪ ਰੇਖਾ ਤਿਆਰ ਕੀਤੀ ਹੈ, ਜਿਸ ਦੇ ਲਾਗੂ ਹੋਣ ਤੋਂ ਬਾਅਦ ਦੋਹਾਂ ਦੇਸ਼ਾਂ ਦੀ ਊਰਜਾ ਸੁਰੱਖਿਆ ਦੇ ਵਿਕਾਸ ਸਮੇਤ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਦਾ ਅਧਾਰ ਸਾਬਤ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਫੋਰਡ ਨੇ ਭਰੋਸਾ ਪ੍ਰਗਟਾਇਆ ਕਿ ਪ੍ਰਸਤਾਵ ਦੇ ਇਸੇ ਰੂਪ ਵਿੱਚ ਅਮਲ ਵਿੱਚ ਆਉਣ ਤੋਂ ਬਾਅਦ ਇਹ ਦੁਵੱਲੀ ਸਥਿਰਤਾ, ਸੁਰੱਖਿਆ ਦੇ ਨਾਲ ਨਾਲ ਲੰਮੇਂ ਸਮੇਂ ਤੱਕ ਦੀ ਖੁਸ਼ਹਾਲੀ ਦੀ ਸਨਦ ਬਣ ਸਕਦਾ ਹੈ। ਸਰਕਾਰੀ ਫੈਸਲੇ ਲੈਣ ਵਿੱਚ ਧਾਕੜ ਮੰਨੇ ਜਾਂਦੇ ਡੱਗ ਫੋਰਡ ਨੇ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਬਾਰੇ ਦਿੱਤੇ ਤਾਜ਼ਾ ਬਿਆਨ ਨੂੰ ਹਾਸੋਹੀਣਾ ਦੱਸਦੇ ਹੋਏ ਕਿਹਾ ਕਿ ਕੈਨੇਡਾ ਵਿਕਾਊ ਦੇਸ਼ ਨਹੀਂ ਹੈ ਤੇ ਨਾ ਹੀ ਕਦੇ ਹੋ ਸਕੇਗਾ। ਉਨ੍ਹਾਂ ਕਿਹਾ ਕਿ ਟਰੰਪ ਭੁਲੇਖੇ ਵਿੱਚ ਨਾ ਰਹਿਣ। ਆਰਥਿਕ ਤਾਕਤ ਦੀ ਵਰਤੋਂ ਦੀਆਂ ਧਮਕੀਆਂ ਵਿਦੇਸ਼ੀ ਨਿਰਭਰਤਾ ਵਾਲੇ ਦੇਸ਼ਾਂ ਉੱਤੇ ਹੀ ਕਾਰਗਰ ਹੋ ਸਕਦੀਆਂ ਹਨ, ਪਰ ਕੁਦਰਤੀ ਵਸੀਲਿਆਂ ਤੇ ਖਣਿਜਾਂ ਨਾਲ ਮਾਲਾਮਾਲ ਕੈਨੇਡਾ ਕਿਸੇ ਵੀ ਗੈਰਵਾਜਬ ਧਮਕੀ ਮੂਹਰੇ ਨਹੀਂ ਝੁਕ ਸਕਦਾ। ਕੈਨੇਡਾ ਦੀ ਆਰਥਿਕਤਾ ਵਿੱਚ 39 ਫਸਦੀ ਹਿੱਸਾ ਪਾਉਣ ਅਤੇ ਦੇਸ਼ ਵਿੱਚ ਸਭ ਤੋਂ ਵੱਧ ਪ੍ਰਤੀ ਜੀਅ ਆਮਦਨ ਵਾਲੇ ਸੂਬੇ ਦੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਉਹ ਧਮਕੀਆਂ ਨੂੰ ਪਿੱਛੇ ਸੁੱਟਦੇ ਹੋਏ ਸ਼ਾਨਦਾਰ ਵਪਾਰਕ ਸੌਦਿਆਂ ਲਈ ਇੱਕਜੁਟਤਾ ਨਾਲ ਕੰਮ ਕਰਦੇ ਰਹਿਣਗੇ।

ਡੱਗ ਫੋਰਡ ਨੇ ਅੱਜ ਕੁਝ ਹੋਰ ਸੂਬਿਆਂ ਦੇ ਮੁਖੀਆਂ ਨਾਲ ਵੀ ਗੱਲ ਕਰ ਕੇ ਟਰੰਪ ਦੀਆਂ ਧਮਕੀਆਂ ਨਾਲ ਸਿੱਝਣ ਬਾਰੇ ਵਿਚਾਰਾਂ ਕੀਤੀਆਂ ਹਨ। ਸਾਰਿਆਂ ਵਲੋਂ ਉਸ ਨੂੰ ਮੂਹਰੇ ਲੱਗ ਕੇ ਠੋਸ ਕਦਮ ਚੁਕਣ ਲਈ ਕਿਹਾ ਗਿਆ ਹੈ। ਵੱਡੇ ਪਣ ਬਿਜਲੀ ਉਤਪਾਦਤ ਉੱਤਰੀ ਸੂਬਿਆਂ ਵੱਲੋਂ ਉਸਨੂੰ ਫੈਸਲੇ ਲੈਣ ਦੇ ਅਖ਼ਤਿਆਰ ਦਿੱਤੇ ਜਾਣ ਦਾ ਪਤਾ ਵੀ ਲੱਗਾ ਹੈ।

ਗ਼ੌਰਲਤਬ ਹੈ ਕਿ ਟਰੰਪ ਵੱਲੋਂ ਆਪਣੀ ਚੋਣ ਤੋਂ ਬਾਅਦ ਉਨ੍ਹਾਂ ਨੂੰ ਵਧਾਈ ਦੇਣ ਗਏ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਨੂੰ ਅਮਰੀਕਾ 51ਵਾਂ ਸੂਬਾ ਬਣਾਉਣ ਦੀ ਕੀਤੀ ਗਈ ਪੇਸ਼ਕੱਸ਼ ਵਾਲੀ ਗੱਲ ਨੂੰ ਸਿਆਸੀ ਗਲਿਆਰਿਆਂ ਵਿੱਚ ਟਰੰਪ ਦੇ ਮਜ਼ਾਕ ਵਜੋਂ ਲੈਣ ਵਾਲੇ ਵੀ ਇਸ ਹਫਤੇ ਫਿਰ ਉਹੀ ਗੱਲ ਦੁਹਰਾਏ ਜਾਣ ਤੋਂ ਗਿਣਤੀਆਂ-ਮਿਣਤੀਆਂ ਵਿੱਚ ਪਏ ਹੋਏ ਹਨ ਕਿ ਆਖਰ ਟਰੰਪ ਕੀ ਕਰਨ ਦਾ ਇਰਾਦਾ ਰੱਖਦੇ ਹਨ ਤੇ ਕੀ ਇੰਜ ਦੀਆਂ ਗੱਲਾਂ ਕਰਕੇ ਉਹ ਆਪਣੇ ਸਤਿਕਾਰ ਨੂੰ ਖੋਰਾ ਤਾਂ ਨਹੀਂ ਲਾ ਰਹੇ।

# ਦੁਨੀਆਂ ਦੇ ਸਭ ਤੋਂ ਤਾਕਤਵਰ ਪਾਸਪੋਰਟ ਦੀ ਸੂਚੀ 'ਚ ਭਾਰਤ ਨੂੰ ਝਟਕਾ




ਸਾਲ 2025 ਲਈ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਰੈਂਕਿੰਗ ਆ ਗਈ ਹੈ। ਇਹ ਦਰਜਾਬੰਦੀ ਵੱਕਾਰੀ ਸੰਸਥਾ ਹੈਨਲੇ ਐਂਡ ਪਾਰਟਨਰਜ਼ ਵਲੋਂ ਜਾਰੀ ਕੀਤੀ ਗਈ ਹੈ। ਪਹਿਲੇ ਛੇ ਮਹੀਨਿਆਂ ਲਈ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਰੈਂਕਿੰਗ ਜਾਰੀ ਕੀਤੀ ਗਈ ਹੈ। ਸਿੰਗਾਪੁਰ ਦੇ ਪਾਸਪੋਰਟ ਨੂੰ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਦਾ ਦਰਜਾ ਦਿਤਾ ਗਿਆ ਹੈ। ਇਸ ਰੈਂਕਿੰਗ ਵਿਚ ਭਾਰਤ ਨੂੰ ਝਟਕਾ ਲੱਗਾ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਭਾਰਤੀ ਪਾਸਪੋਰਟ ਦੀ ਰੈਂਕਿੰਗ ਵਿਚ 6 ਸਥਾਨਾਂ ਦੀ ਗਿਰਾਵਟ ਆਈ ਹੈ।

ਇਹ ਸੂਚਕਾਂਕ ਇਸ ਆਧਾਰ 'ਤੇ ਪਾਸਪੋਰਟਾਂ ਦੀ ਰੈਂਕਿੰਗ ਤਿਆਰ ਕਰਦਾ ਹੈ ਕਿ ਉਸ ਪਾਸਪੋਰਟ ਦਾ ਧਾਰਕ ਕਿੰਨੇ ਦੇਸ਼ਾਂ ਵਿਚ ਬਿਨਾਂ ਵੀਜ਼ਾ ਦੇ ਜਾ ਸਕਦਾ ਹੈ। ਰੈਂਕਿੰਗ ਮੁਤਾਬਕ ਸਿੰਗਾਪੁਰ ਦਾ ਪਾਸਪੋਰਟ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਹੈ। ਇਸ ਨੂੰ ਰੱਖਣ ਵਾਲੇ ਲੋਕ ਦੁਨੀਆਂ ਦੇ 195 ਦੇਸ਼ਾਂ ਦੀ ਵੀਜ਼ਾ ਮੁਫ਼ਤ ਯਾਤਰਾ ਕਰ ਸਕਦੇ ਹਨ।

ਜਦੋਂ ਕਿ ਸ਼ਕਤੀਸ਼ਾਲੀ ਪਾਸਪੋਰਟ ਦੀ ਰੈਂਕਿੰਗ 'ਚ ਜਾਪਾਨ ਦੂਜੇ ਸਥਾਨ 'ਤੇ ਹੈ। ਜਾਪਾਨੀ ਪਾਸਪੋਰਟ ਰਾਹੀਂ ਲੋਕ 193 ਦੇਸ਼ਾਂ ਦੀ ਵੀਜ਼ਾ ਮੁਫ਼ਤ ਯਾਤਰਾ ਕਰ ਸਕਦੇ ਹਨ। ਜਾਪਾਨ ਤੋਂ ਬਾਅਦ ਦਖਣੀ ਕੋਰੀਆ, ਫਰਾਂਸ, ਜਰਮਨੀ, ਇਟਲੀ, ਸਪੇਨ ਅਤੇ ਫ਼ਿਨਲੈਂਡ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਕਾਬਜ਼ ਹਨ। ਇਨ੍ਹਾਂ ਦੇਸ਼ਾਂ ਦੇ ਪਾਸਪੋਰਟ 192 ਦੇਸ਼ਾਂ ਵਿਚ ਵੀਜ਼ਾ ਮੁਕਤ ਦਾਖ਼ਲੇ ਦੀ ਆਗਿਆ ਦਿੰਦੇ ਹਨ।

85ਵੇਂ ਨੰਬਰ 'ਤੇ ਹੈ ਭਾਰਤ : ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਸੂਚੀ ਵਿਚ ਭਾਰਤ ਨੂੰ ਝਟਕਾ ਲੱਗਾ ਹੈ। ਭਾਰਤ ਪਿਛਲੇ ਸਾਲ ਦੇ ਮੁਕਾਬਲੇ 6 ਦਰਜੇ ਹੇਠਾਂ ਆ ਗਿਆ ਹੈ। ਦੁਨੀਆਂ ਭਰ ਦੇ ਦੇਸ਼ਾਂ 'ਚ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਰੈਂਕਿੰਗ 'ਚ ਭਾਰਤ 85ਵੇਂ ਨੰਬਰ 'ਤੇ ਹੈ। ਭਾਰਤੀ ਪਾਸਪੋਰਟ ਦੇ ਜ਼ਰੀਏ ਦੁਨੀਆ ਦੇ 57 ਦੇਸ਼ਾਂ ਦੀ ਵੀਜ਼ਾ ਮੁਫ਼ਤ ਯਾਤਰਾ ਕੀਤੀ ਜਾ ਸਕਦੀ ਹੈ।

ਪਾਕਿਸਤਾਨ ਦੀ ਹਾਲਤ ਹੋਈ ਖ਼ਰਾਬ : ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਦੀ ਰੈਂਕਿੰਗ ਵਿਚ ਗੁਆਂਢੀ ਦੇਸ਼ ਪਾਕਿਸਤਾਨ ਦੀ ਸਥਿਤੀ ਬਹੁਤ ਤਰਸਯੋਗ ਹੈ। ਪਾਕਿਸਤਾਨੀ ਪਾਸਪੋਰਟ 'ਤੇ 33 ਦੇਸ਼ਾਂ ਦੀ ਮੁਫ਼ਤ ਵੀਜ਼ਾ ਐਂਟਰੀ ਕੀਤੀ ਜਾ ਸਕਦੀ ਹੈ। ਰੈਂਕਿੰਗ 'ਚ 103ਵੇਂ ਨੰਬਰ 'ਤੇ ਹੈ। ਜਦੋਂ ਕਿ ਅਫ਼ਰੀਕੀ ਦੇਸ਼ਾਂ ਸੋਮਾਲੀਆ, ਫ਼ਲਸਤੀਨ, ਨੇਪਾਲ ਅਤੇ ਬੰਗਲਾਦੇਸ਼ ਦੀ ਰੈਂਕਿੰਗ ਪਾਕਿਸਤਾਨ ਤੋਂ ਉਪਰ ਹੈ। ਸੋਮਾਲੀਆ ਦਾ ਪਾਸਪੋਰਟ 102ਵੇਂ ਨੰਬਰ 'ਤੇ ਹੈ।

# ਪ੍ਰਧਾਨ ਮੰਤਰੀ ਟਰੂਡੋ ਨੇ ਅਸਤੀਫ਼ਾ ਦਿੱਤਾ

## ਲਿਬਰਲ ਪਾਰਟੀ ਪ੍ਰਧਾਨ ਨੂੰ ਨਵਾਂ ਆਗੂ ਚੁਣਨ ਲਈ ਕਿਹਾ



ਟੋਰਾਂਟੋ : ਪਾਰਟੀ 'ਚ ਅੰਦਰੂਨੀ ਖਿੱਚੋਤਾਣ ਅਤੇ ਲੋਕਾਂ 'ਚ ਡਿੱਗ ਰਹੇ ਵੱਕਾਰ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ (53) ਨੇ ਅੱਜ ਅਸਤੀਫ਼ੇ ਦਾ ਐਲਾਨ ਕਰਦਿਆਂ ਹੁਕਮਰਾਨ ਲਿਬਰਲ ਪਾਰਟੀ ਨੂੰ ਨਵਾਂ ਨੇਤਾ ਚੁਣਨ ਲਈ ਆਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਦਾ ਮਤਲਬ ਹੈ ਕਿ ਉਹ ਅਗਲੀਆਂ ਚੋਣਾਂ 'ਚ 'ਬਿਹਤਰੀਨ ਬਦਲ' ਨਹੀਂ ਹੋ ਸਕਦੇ ਹਨ।

ਟਰੂਡੋ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਪਣੀ ਲਿਬਰਲ ਪਾਰਟੀ ਦੇ ਪ੍ਰਧਾਨ ਨੂੰ ਕਿਹਾ ਕਿ ਉਹ ਨਵੇਂ ਆਗੂ ਦੀ ਚੋਣ ਦਾ ਅਮਲ ਸ਼ੁਰੂ ਕਰਨ। ਟਰੂਡੋ ਨੇ ਆਪਣੀ ਰਿਹਾਇਸ਼ ਦੇ ਬਾਹਰ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਪਾਰਟੀ ਦੇ ਨਵੇਂ ਨੇਤਾ ਦੀ ਚੋਣ ਤੱਕ ਪ੍ਰਧਾਨ ਮੰਤਰੀ ਅਹੁਦੇ 'ਤੇ ਬਣੇ ਰਹਿਣਗੇ। ਉਨ੍ਹਾਂ ਕਿਹਾ ਕਿ ਗਵਰਨਰ ਜਨਰਲ ਵੱਲੋਂ ਸੰਸਦ 24 ਮਾਰਚ ਤੱਕ ਮੁਅੱਤਲ ਰੱਖਣ ਦੀ ਬੇਨਤੀ ਨੂੰ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਉਦੋਂ ਤੱਕ ਪਾਰਟੀ ਦੇ ਨਵੇਂ ਆਗੂ ਦੀ ਚੋਣ ਵੀ ਹੋ ਜਾਵੇਗੀ। ਪਹਿਲਾਂ ਸੰਸਦ ਦਾ ਇਜਲਾਸ 27 ਜਨਵਰੀ ਤੋਂ ਸ਼ੁਰੂ ਹੋਣਾ ਸੀ। ਇਸ ਤੋਂ ਪਹਿਲਾਂ 'ਗਲੋਬ ਐਂਡ ਮੇਲ' ਅਖ਼ਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ 2015 ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਚੱਲੇ ਆ ਰਹੇ ਟਰੂਡੋ ਵੱਲੋਂ ਕੌਮੀ ਕੌਕਸ ਦੀ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਅਸਤੀਫ਼ਾ ਦਿੱਤਾ ਜਾ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਕਿ ਆਗੂ ਦੇ ਮੁੱਦੇ 'ਤੇ ਫ਼ੈਸਲਾ ਲੈਣ ਵਾਲੀ ਲਿਬਰਲ ਪਾਰਟੀ ਦੀ ਕੌਮੀ ਕਾਰਜਕਾਰਨੀ ਇਸ ਹਫ਼ਤੇ ਕੌਕਸ ਇਜਲਾਸ ਮਗਰੋਂ ਮੀਟਿੰਗ ਕਰ ਸਕਦੀ ਹੈ।

**ਨਵੇਂ ਆਗੂ ਦੀ ਚੋਣ ਵਿੱਚ ਲੱਗ ਸਕਦੇ ਨੇ ਤਿੰਨ ਮਹੀਨੇ**

ਲਿਬਰਲ ਪਾਰਟੀ ਦੇ ਇਕ ਸੂਤਰ ਨੇ ਦੱਸਿਆ ਕਿ ਲੀਡਰਸ਼ਿਪ ਦਾ ਫ਼ੈਸਲਾ ਕਰਨ ਵਿੱਚ ਘੱਟੋ ਘੱਟ ਤਿੰਨ ਮਹੀਨੇ ਲੱਗਣਗੇ, ਹਾਲਾਂਕਿ ਪਾਰਟੀ ਸੰਵਿਧਾਨ ਵਿੱਚ ਘੱਟੋ ਘੱਟ ਚਾਰ ਮਹੀਨੇ ਦਾ ਪ੍ਰਬੰਧ ਹੈ। ਜਸਟਿਨ ਟਰੂਡੋ ਦੇ ਅਸਤੀਫ਼ੇ ਦੀ ਖ਼ਬਰ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਦੇਸ਼ ਵਿੱਚ ਉਨ੍ਹਾਂ ਦੀ ਲੋਕਪ੍ਰਿਅਤਾ ਲਗਾਤਾਰ ਘੱਟਦੀ ਜਾ ਰਹੀ ਹੈ ਅਤੇ ਅਕਤੂਬਰ ਦੇ ਅਖ਼ੀਰ ਤੱਕ ਦੇਸ਼ ਵਿੱਚ ਚੋਣਾਂ ਹੋ ਸਕਦੀਆਂ ਹਨ।

REXDALE
Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre



# ਪੇਜ ਇੱਕ ਦੀ ਬਾਕੀ

## ਤਿੱਬਤ 'ਚ ਜ਼ੋਰਦਾਰ ਭੂਚਾਲ...

ਲੈਵਲ-2 ਦੀ ਐਮਰਜੈਂਸੀ ਸੇਵਾ ਸ਼ੁਰੂ ਕਰਦਿਆਂ ਪ੍ਰਭਾਵਿਤ ਥਾਂ 'ਤੇ ਸਹਾਇਤਾ ਟੀਮ ਭੇਜੀ। ਇਸ ਦੌਰਾਨ, ਸ਼ੀਜਾਂਗ ਖ਼ੁਦਮੁਖਤਿਆਰ ਖਿੱਤੇ ਨੇ ਵੀ ਭੂਚਾਲ ਮਗਰੋਂ ਲੈਵਲ-2 ਦੀ ਐਮਰਜੈਂਸੀ ਦਾ ਐਲਾਨ ਕੀਤਾ। ਕੇਂਦਰੀ ਅਧਿਕਾਰੀਆਂ ਵੱਲੋਂ ਭੂਚਾਲ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਭੇਜੀ ਗਈ ਹੈ। ਫੀਲਡ ਵਿੱਚ 1,500 ਤੋਂ ਵੱਧ ਸਥਾਨਕ ਫਾਇਰ ਫਾਈਟਰ ਤੇ ਬਚਾਅ ਕਾਮੇ ਭੇਜੇ ਗਏ ਹਨ। ਸ਼ਿਗਾਜ਼ੇ (ਜਿਸਨੂੰ ਸ਼ਿਗਸਤੇ ਵਜੋਂ ਵੀ ਜਾਣਿਆ ਜਾਂਦਾ ਹੈ) ਭਾਰਤ ਦੀ ਸਰਹੱਦ ਦੇ ਨੇੜੇ ਹੀ ਸਥਿਤ ਹੈ, ਜਿਸਨੂੰ ਤਿੱਬਤ ਵਿੱਚ ਸਭ ਤੋਂ ਵੱਧ ਧਾਰਮਿਕ ਅਸਥਾਨ ਮੰਨਿਆ ਜਾਂਦਾ ਹੈ। ਇਹ ਪੰਚੇਨ ਲਾਮਾ ਦਾ ਰਵਾਇਤੀ ਸਥਾਨ ਹੈ, ਜਿਨ੍ਹਾਂ ਨੂੰ ਤਿੱਬਤ ਦੇ ਬੁੱਧ ਧਰਮ ਵਿੱਚ ਅਹਿਮ ਸ਼ਖ਼ਸੀਅਤ ਮੰਨਿਆ ਜਾਂਦਾ ਹੈ, ਜਿਨ੍ਹਾਂ ਦਾ ਸਥਾਨ ਦਲਾਈ ਲਾਮਾ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ। ਭੂਚਾਲ ਦਾ ਕੇਂਦਰ ਡਿੰਗਰੀ ਕਾਊਂਟੀ ਦਾ ਸੋਗੋ ਕਸਬਾ ਸੀ, ਜਿਸਦੀ ਆਬਾਦੀ ਲਗਪਗ 6,900 ਹੈ ਜੋ ਵੀਹ ਕਿਲੋਮੀਟਰ ਦੇ ਖੇਤਰ 'ਚ ਫੈਲਿਆ ਹੈ, ਜਿਸ 'ਚ 27 ਪਿੰਡ ਆਉਂਦੇ ਹਨ। ਭੂਚਾਲ ਦਾ ਕੇਂਦਰ ਉੱਤਰ-ਪੂਰਬੀ ਨੇਪਾਲ ਦੀ ਖੁੰਬੂ ਹਿਮਾਲਿਆਈ ਰੇਂਜ 'ਚ ਸਥਿਤ ਲੋਬਸਟ ਦੇ 90 ਕਿਲੋਮੀਟਰ ਉੱਤਰ-ਪੂਰਬ 'ਚ ਹੈ।

**ਭਾਰਤ ਨੇ ਜਾਨ-ਮਾਲ ਦੇ ਨੁਕਸਾਨ 'ਤੇ ਦੁੱਖ ਪ੍ਰਗਟਾਇਆ**

ਨਵੀਂ ਦਿੱਲੀ: ਭਾਰਤ ਨੇ ਭੂਚਾਲ ਕਾਰਨ ਤਿੱਬਤ ਵਿੱਚ ਹੋਏ ਜਾਨੀ ਤੇ ਮਾਲੀ ਨੁਕਸਾਨ ਪ੍ਰਤੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਐਕਸ 'ਤੇ ਲਿਖਿਆ, 'ਤਿੱਬਤ 'ਚ ਆਏ ਭੂਚਾਲ ਕਾਰਨ ਵੱਡੀ ਗਿਣਤੀ 'ਚ ਹੋਈਆਂ ਮੌਤਾਂ ਤੇ ਸੰਪੱਤੀ ਦੇ ਨੁਕਸਾਨ ਲਈ ਭਾਰਤ ਸਰਕਾਰ ਤੇ ਸਥਾਨਕ ਲੋਕ ਦੁੱਖ ਦਾ ਇਜ਼ਹਾਰ ਕਰਦੇ ਹਨ। ਸਾਡੀਆਂ ਦੁਆਵਾਂ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਨ।' ਇਸ ਦੌਰਾਨ ਤਿੱਬਤ ਦੇ ਅਧਿਆਤਮਕ ਆਗੂ ਦਲਾਈ ਲਾਮਾ ਨੇ ਵੀ ਵੱਡੀ ਗਿਣਤੀ 'ਚ ਲੋਕਾਂ ਦੇ ਮਾਰੇ ਜਾਣ 'ਤੇ ਡੂੰਘਾ ਦੁੱਖ ਪ੍ਰਗਟਾਇਆ ਹੈ।

## ਡਗ ਫ਼ੋਰਡ ਵੱਲੋਂ ਅਮਰੀਕਾ...

ਕੋਹਾਂ ਦੂਰ ਹਨ। ਬਿਨਾਂ ਸ਼ੱਕ ਟਰੰਪ ਨੂੰ ਅਜਿਹੀਆਂ ਟਿੱਪਣੀਆਂ ਕਰਨ ਦੀ ਆਦਤ ਹੈ ਅਤੇ ਉਨ੍ਹਾਂ ਦੇ ਆਲੇ ਦੁਆਲੇ ਲਤੀਫਿਆਂ ਵਾਲਾ ਮਾਹੌਲ ਵੀ ਬਣਿਆ ਰਹਿੰਦਾ ਹੈ ਪਰ ਸੰਜੀਦਗੀ ਨਾਲ ਦੇਖਿਆ ਜਾਵੇ ਤਾਂ ਇਹ ਕਦੇ ਵੀ ਸੰਭਵ ਨਹੀਂ।

**ਡੌਨਲਡ ਟਰੰਪ ਨੂੰ ਦਿਤਾ ਮੋੜਵਾਂ ਜਵਾਬ**

ਦੱਸ ਦੇਈਏ ਕਿ ਉਨਟਾਰੀਓ ਦੇ ਪ੍ਰੀਮੀਅਰ ਇਸ ਤੋਂ ਪਹਿਲਾਂ ਅਮਰੀਕਾ ਦੀ ਸ਼ਰਾਬ 'ਤੇ ਪਾਬੰਦੀ ਲਾਉਣ ਅਤੇ ਅਮਰੀਕਾ ਨੂੰ ਵੇਚੀ ਜਾ ਰਹੀ ਬਿਜਲੀ ਬੰਦ ਕਰਨ ਦੀਆਂ ਗੱਲਾਂ ਕਰ ਚੁੱਕੇ ਹਨ ਪਰ ਕੈਨੇਡਾ ਦੇ ਕਈ ਸੂਬੇ ਉਨ੍ਹਾਂ ਨਾਲ ਸਹਿਮਤ ਨਜ਼ਰ ਨਹੀਂ ਆਏ। ਡਗ ਫੋਰਡ ਨੇ ਉਮੀਦ ਜ਼ਾਹਰ ਕੀਤੀ ਕਿ ਕੈਨੇਡਾ ਵਿਚ ਸਿਆਸੀ ਹਿਲਜੁਲ ਦੇ ਬਾਵਜੂਦ ਫੈਡਰਲ ਅਧਿਕਾਰੀਆਂ ਦਾ ਧਿਆਨ ਅਮਰੀਕਾ ਵੱਲੋਂ ਆ ਰਹੇ ਟੈਕਸਾਂ ਦੇ ਖਤਰੇ ਵੱਲ ਕੇਂਦਰਤ ਰਹੇਗਾ। ਜੇ ਫਿਰ ਵੀ ਅਮਰੀਕਾ ਵੱਲੋਂ ਸਖ਼ਤ ਫੈਸਲਾ ਲਿਆ ਜਾਂਦਾ ਹੈ ਤਾਂ ਕੈਨੇਡਾ ਸਰਕਾਰ ਕੋਲ ਜਵਾਬੀ ਯੋਜਨਾ ਹੋਣੀ ਲਾਜ਼ਮੀ ਹੈ। ਡਗ ਫ਼ੋਰਡ ਨੇ ਅੱਗੇ ਕਿਹਾ ਕਿ ਜਸਟਿਨ ਟਰੂਡੋ ਹਾਲੇ ਵੀ ਇਕ ਜਾਂ ਦੋ ਮਹੀਨੇ ਪ੍ਰਧਾਨ ਮੰਤਰੀ ਰਹਿਣਗੇ ਅਤੇ ਉਨ੍ਹਾਂ ਨੂੰ ਕੈਨੇਡੀਅਨ ਪ੍ਰੀਮੀਅਰਜ਼ ਨਾਲ ਆਹਮੋ ਸਾਹਮਣੀ ਮੀਟਿੰਗ ਕਰਦਿਆਂ ਠੋਸ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ।

**ਨਵੇਂ ਚੁਣੇ ਰਾਸ਼ਟਰਪਤੀ ਦੀਆਂ ਗੱਲਾਂ ਅਸਲੀਅਤ ਤੋਂ ਕੋਹਾਂ ਦੂਰ : ਡੱਗ ਫੋਰਡ**

ਉਧਰ ਟਰੰਪ ਨੇ ਟਰੂਡੋ ਦੇ ਅਸਤੀਫ਼ੇ 'ਤੇ ਟਿੱਪਣੀ ਕਰਦਿਆਂ ਦੁਹਰਾਇਆ ਕਿ ਵੱਡੀ ਗਿਣਤੀ ਵਿਚ ਕੈਨੇਡੀਅਨ ਅਮਰੀਕਾ ਦਾ 51ਵਾਂ ਸੂਬਾ ਬਣਨਾ ਚਾਹੁੰਦੇ ਹਨ। ਅਮਰੀਕਾ ਹੁਣ ਕੈਨੇਡਾ ਵਾਸਤੇ ਸਬਸਿਡੀਆਂ ਜਾਰੀ ਨਹੀਂ ਰੱਖ ਸਕਦਾ ਅਤੇ ਟਰੂਡੋ ਇਹ ਗੱਲ ਚੰਗੀ ਤਰ੍ਹਾਂ ਸਮਝ ਗਏ ਜਿਸ ਦੇ ਸਿੱਟੇ ਵਜੋਂ ਅਸਤੀਫ਼ਾ ਦੇ ਦਿਤਾ। ਟਰੰਪ ਨੇ ਕਿਹਾ ਕਿ ਜੇ ਕੈਨੇਡਾ, ਅਮਰੀਕਾ ਦਾ ਹਿੱਸਾ ਬਣ ਜਾਂਦਾ ਹੈ ਤਾਂ ਕੈਨੇਡੀਅਨ ਵਸਤਾਂ 'ਤੇ ਕੋਈ ਟੈਕਸ ਨਹੀਂ ਲੱਗੇਗਾ ਅਤੇ ਇਨਕਮ ਟੈਕਸ ਦਾ ਬੋਝ ਵੀ ਘਟ ਜਾਵੇਗਾ। ਸਿਰਫ ਐਨਾ ਹੀ ਨਹੀਂ ਕੈਨੇਡਾ ਵਾਲੇ ਰੂਸੀ ਜਾਂ ਚਾਇਨੀਜ਼ ਜਹਾਜ਼ਾਂ ਦੇ ਖਤਰੇ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਹੋ ਜਾਣਗੇ ਅਤੇ ਅਸੀਂ ਇਕ ਮਹਾਨ ਮੁਲਕ ਵਜੋਂ ਉਭਰਾਂਗੇ। ਇਥੇ ਦਸਣਾ ਬਣਦਾ ਹੈ ਕਿ ਅਮਰੀਕਾ ਅਤੇ ਕੈਨੇਡਾ ਵਿਚ ਸੋਮਵਾਰ ਨੂੰ ਦੋ ਵੱਡੇ ਸਿਆਸੀ ਘਟਨਾਕ੍ਰਮ ਸਾਹਮਣੇ ਆਏ। ਅਮਰੀਕਾ ਦੀ ਸੰਸਦ ਵਿਚ ਇਲੈਕਟੋਰਲ ਵੋਟਾਂ ਦੀ ਗਿਣਤੀ ਮਗਰੋਂ ਡੌਨਲਡ ਟਰੰਪ ਦੀ ਜਿੱਤ 'ਤੇ ਮੋਹਰ ਲੱਗ ਗਈ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਟਰੰਪ ਨੂੰ ਅਧਿਕਾਰਤ ਤੌਰ 'ਤੇ ਜੇਤੂ ਕਰਾਰ ਦਿਤਾ ਗਿਆ। ਦੂਜੇ ਪਾਸੇ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਅਤੇ ਲਿਬਰਲ ਆਗੂ ਦਾ ਅਹੁਦਾ ਦੋਵੇਂ ਛੱਡਣ ਦਾ ਵਾਅਦਾ ਕਰ ਦਿਤਾ ਪਰ ਇਸ ਤੋਂ ਪਹਿਲਾਂ ਲਿਬਰਲ ਪਾਰਟੀ ਨੂੰ ਆਪਣਾ ਨਵਾਂ ਆਗੂ ਚੁਣਨਾ ਹੋਵੇਗਾ।

## ਕੈਨੇਡਾ ਕਿਸੇ ਵੀ ਹਾਲਤ...

ਜਾਣ। ਇਸ ਆਦੇਸ਼ ਵਿੱਚ ਟਰੰਪ ਨੇ ਟਰੂਡੋ ਨੂੰ 'ਕੈਨੇਡਾ ਦਾ ਗਵਰਨਰ' ਕਹਿ ਕੇ ਵੀ ਵਿਅੰਗਮਈ ਟਿੱਪਣੀ ਕੀਤੀ ਸੀ। ਦੂਜੇ ਪਾਸੇ ਜਸਟਿਨ ਟਰੂਡੋ ਨੇ ਕਿਹਾ ਕਿ ਉਹ ਜਲਦੀ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਲਿਬਰਲ ਪਾਰਟੀ ਦੀ ਲੀਡਰਸ਼ਿਪ ਤੋਂ ਅਸਤੀਫਾ ਦੇ ਰਹੇ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਪਾਰਟੀ ਵੱਲੋਂ ਉਨ੍ਹਾਂ ਦੇ ਉਤਰਾਧਿਕਾਰੀ ਦੀ ਚੋਣ ਕੀਤੇ ਜਾਣ ਤੱਕ ਉਹ ਅੰਤਰਿਮ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣਗੇ। ਚਰਚਾ ਹੈ ਕਿ ਪਾਰਟੀ ਅਹੁਦੇ ਦੇ ਨਾਲ-ਨਾਲ ਮਾਰਕ ਕਾਰਨੇ ਅਤੇ ਲੀ ਬਲੈਂਕ 'ਚੋਂ ਕਿਸੇ ਇਕ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਦਿੱਤਾ ਜਾ ਰਿਹਾ ਹੈ। ਇਸ ਸੰਦਰਭ ਵਿੱਚ, ਟਰੰਪ ਨੇ ਇੱਕ ਵਾਰ ਫਿਰ ਪ੍ਰਸਤਾਵ ਨੂੰ ਯਾਦ ਕਰਵਾਇਆ ਕਿ ਕੈਨੇਡਾ ਨੂੰ 51ਵੇਂ ਰਾਜ ਵਜੋਂ ਸ਼ਾਮਲ ਕਰਨਾ ਚਾਹੀਦਾ ਹੈ। ਕੈਨੇਡਾ ਵਿੱਚ ਜ਼ਿਆਦਾਤਰ ਲੋਕਾਂ ਨੇ ਅਮਰੀਕਾ ਵਿੱਚ ਭਾਗ ਲੈਣ ਲਈ ਆਪਣੀ ਤਰਜੀਹ ਜ਼ਾਹਰ ਕੀਤੀ। ਡੋਨਾਲਡ ਟਰੰਪ ਨੇ ਕਿਹਾ ਕਿ ਜੇਕਰ ਅਮਰੀਕਾ ਦਾ ਰਲੇਵਾਂ ਹੋ ਜਾਂਦਾ ਹੈ ਤਾਂ ਇਹ ਟੈਰਿਫ ਅਤੇ ਉੱਚ ਟੈਕਸ ਵੀ ਮੌਜੂਦ ਨਹੀਂ ਰਹਿਣਗੇ।

## ਟਰੂਡੋ ਵੱਲੋਂ ਅਸਤੀਫ਼ੇ...

ਨੇਤਾ ਬਣਨ ਦੀਆਂ ਗਿਣਤੀ-ਮਿਣਤੀ ਵਿੱਚ ਪੈ ਗਏ ਹਨ। ਇਨ੍ਹਾਂ ਵਿੱਚ ਸਾਬਕਾ ਰੱਖਿਆ ਮੰਤਰੀ ਤੇ ਓਕਵਿਲ ਤੋਂ ਸੰਸਦ ਮੈਂਬਰ ਅਨੀਤਾ ਅਨੰਦ (57), ਅਰਥਸ਼ਾਸਤਰੀ ਮਾਰਕ ਕਾਰਨੀ (59), ਆਲਮੀ ਸੂਝ-ਬੂਝ ਵਾਲੇ ਮੰਨੇ ਪ੍ਰਮੰਨੇ ਵਕੀਲ ਫਰੈਂਕੋਜ਼ ਫਿਲਿਪਸ (54), ਟੀਵੀ ਮੇਜ਼ਬਾਨ ਤੋਂ ਸਿਆਸਤ ਵਿੱਚ ਆਈ ਤੇ ਦੋ ਵਾਰ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਮੰਤਰੀ ਰਹੀ ਕ੍ਰਿਸਟੀ ਕਲਾਰਕ (59), ਪਿਛਲੇ ਮਹੀਨੇ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਟਰੂਡੋ ਵਿਰੁੱਧ ਬਗ਼ਾਵਤ ਦਾ ਬਿਗਲ ਵਜਾਉਣ ਵਾਲੇ ਸਿਆਨ ਫੇਰਜ਼ਰ (40) ਅਤੇ ਸਾਬਕਾ ਉਪ ਪ੍ਰਧਾਨ ਮੰਤਰੀ ਤੇ ਸਾਢੇ ਅੱਠ ਸਾਲ ਵਿੱਤ ਵਿਭਾਗ ਸੰਭਾਲਣ ਵਾਲੀ ਕ੍ਰਿਸਟੀਆ ਫ੍ਰੀਲੈਂਡ (59) ਮੁੱਖ ਹਨ।

## ਅਮਰੀਕਾ : 2 ਭਾਰਤੀ ਕੰਪਨੀਆਂ ...

ਵਿਰੁੱਧ ਪਾਬੰਦੀਸ਼ੁਦਾ ਕੈਮੀਕਲ ਇੰਪੋਰਟ ਕਰਨ ਅਤੇ ਇਹ ਗੱਲ ਜਾਣਦੇ ਹੋਏ ਵੀ ਕਿ ਇਸ ਦੀ ਵਰਤੋਂ ਫੈਂਟਾਨਿਲ ਤਿਆਰ ਕਰਨ ਵਾਸਤੇ ਕੀਤੀ ਜਾਵੇਗੀ, ਕੈਮੀਕਲ ਮੰਗਵਾਉਣ ਅਤੇ ਸਾਜ਼ਿਸ਼ ਘੜਨ ਦੇ ਦੋਸ਼ ਆਇਦ ਕੀਤੇ ਗਏ ਹਨ।

**ਦੋਸ਼ ਸਾਬਤ ਹੋਣ 'ਤੇ ਹੋ ਸਕਦੀ ਐ 53 ਸਾਲ ਦੀ ਕੈਦ**

ਅਦਾਲਤ ਵਿਚ ਦਾਇਰ ਦੋਸ਼ ਪੱਤਰ ਮੁਤਾਬਕ ਅਮਰੀਕਾ ਅਤੇ ਮੈਕਸੀਕੋ ਵਿਚ ਇਸ ਕੈਮੀਕਲ ਰਾਹੀਂ ਫੈਂਟਾਨਿਲ ਤਿਆਰ ਕੀਤੀ ਗਈ ਅਤੇ ਇਸ ਨੂੰ ਵੱਖ ਵੱਖ ਇਲਾਕਿਆਂ ਵਿਚ ਵੇਚਿਆ ਗਿਆ। ਮਿਸਾਲ ਵਜੋਂ 29 ਜੂਨ 2024 ਨੂੰ ਰੈਕਸੂਟਰ ਕੈਮੀਕਲਜ਼ ਵੱਲੋਂ ਭੇਜੀ ਇਕ ਕੰਸਾਈਨਮੈਂਟ ਨਿਊ ਯਾਰਕ ਦੇ ਪੂਰਬੀ ਜ਼ਿਲ੍ਹੇ ਦੇ ਇਕ ਪਤੇ 'ਤੇ ਪੁੱਜੀ ਪਰ ਇਸ ਉਤੇ ਗਲਤ ਜਾਣਕਾਰੀ ਲਿਖੀ ਹੋਈ ਸੀ ਕਿ ਇਸ ਵਿਚ ਵਿਟਾਮਿਨ ਸੀ ਪੈਕ ਕੀਤਾ ਹੋਇਆ ਹੈ। ਇਸ ਦੇ ਉਲਟ ਕੰਸਾਈਨਮੈਂਟ ਵਿਚ ਫੈਂਟਾਨਿਲ ਤਿਆਰ ਕਰਨ ਵਾਲਾ ਕੈਮੀਕਲ ਮੌਜੂਦ ਸੀ। ਇਸ ਮਗਰੋਂ ਭਾਵੇਸ਼ ਲਾਠੀਆ ਨੇ 2 ਅਕਤੂਬਰ 2024 ਅਤੇ 15 ਅਕਤੂਬਰ 2024 ਨੂੰ ਕੈਮੀਕਲ ਦੀ ਵਿਕਰੀ ਬਾਰੇ ਵੀਡੀਓ ਕਾਲ ਕੀਤੀ ਪਰ ਕਾਲ ਸੁਣਨ ਵਾਲਾ ਹੋਮਲੈਂਡ ਸਕਿਉਰਿਟੀ ਵਿਭਾਗ ਦਾ ਅੰਡਰ ਕਵਰ ਅਫਸਰ ਸੀ। ਗੱਲਬਾਤ ਦੌਰਾਲ ਲਾਠੀਆ ਨੇ 20 ਕਿਲੋ ਕੈਮੀਕਲ ਦੀ ਵਿਕਰੀ ਬਾਰੇ ਹਾਮੀ ਭਰ ਦਿਤੀ ਅਤੇ ਕੰਸਾਈਨਮੈਂਟ 'ਤੇ ਗਲਤ ਜਾਣਕਾਰੀ ਲਿਖਣ ਦੀ ਗੱਲ ਵੀ ਕਹੀ। ਇਸ ਤੋਂ ਇਲਾਵਾ ਐਥੋਜ਼ ਕੈਮੀਕਲਜ਼ ਵੱਲੋਂ ਕਥਿਤ ਤੌਰ 'ਤੇ 100 ਕਿਲੋ ਕੈਮੀਕਲ ਭੇਜਣ ਦੀ ਹਾਮੀ ਭਰੀ ਗਈ ਅਤੇ ਇਹ ਗੱਲਬਾਤ ਮੈਕਸੀਕੋ ਦੇ ਨਸ਼ਾ ਤਸਕਰ ਨਾਲ ਹੋਈ।

## ਟਰੰਪ ਨੇ ਕੈਨੇਡਾ ਨੂੰ 51ਵਾਂ...

ਉਧਰ ਕੈਨੇਡਾ ਵੱਲੋਂ ਟਰੰਪ ਦੀ ਪੇਸ਼ਕਸ਼ 'ਤੇ ਕੋਈ ਪ੍ਰਤੀਕਰਮ ਨਹੀਂ ਮਿਲਿਆ ਹੈ।

**ਟਰੰਪ ਵੱਲੋਂ ਨਸ਼ਿਆਂ ਅਤੇ ਪਰਵਾਸੀਆਂ ਦੀ ਆਮਦ 'ਤੇ ਰੋਕ ਲਾਉਣ ਦੇ ਨਿਰਦੇਸ਼**

ਡੋਨਲਡ ਟਰੰਪ ਨੇ ਧਮਕੀ ਦਿੱਤੀ ਹੈ ਕਿ ਜੇ ਕੈਨੇਡਾ ਆਪਣੀ ਦੱਖਣੀ ਸਰਹੱਦ ਤੋਂ ਨਸ਼ਿਆਂ ਅਤੇ ਗ਼ੈਰਕਾਨੂੰਨੀ ਪਰਵਾਸੀਆਂ ਦੀ ਆਮਦ ਨੂੰ ਰੋਕਣ 'ਚ ਨਾਕਾਮ ਰਿਹਾ ਤਾਂ ਕੈਨੇਡੀਅਨ ਵਸਤਾਂ 'ਤੇ 25 ਫ਼ੀਸਦੀ ਵਾਧੂ ਦਾ ਟੈਕਸ ਲਗਾਇਆ ਜਾਵੇਗਾ। ਉਨ੍ਹਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਦੌਰਾਨ ਆਪਣੇ ਮਨਸ਼ੇ ਸਪੱਸ਼ਟ ਕਰ ਦਿੱਤੇ ਸਨ। ਟਰੰਪ ਨੇ ਟਰੂਡੋ ਨੂੰ ਮਖੌਲ ਕਰਦਿਆਂ ਉਸ ਨੂੰ ਕੈਨੇਡਾ ਦਾ ਗਵਰਨਰ ਤੱਕ ਆਖ ਦਿੱਤਾ ਸੀ।

**ਬਾਇਡਨ ਸੱਤਾ ਤਬਦੀਲੀ ਮੁਸ਼ਕਲ ਬਣਾਉਣ ਦੀਆਂ ਕਰ ਰਹੇ ਨੇ ਕੋਸ਼ਿਸ਼ਾਂ: ਟਰੰਪ**

ਵਾਸ਼ਿੰਗਟਨ: ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੋਸ਼ ਲਾਇਆ ਹੈ ਕਿ ਜੋਅ ਬਾਇਡਨ ਸੱਤਾ ਤਬਦੀਲੀ ਮੁਸ਼ਕਲ ਬਣਾਉਣ ਲਈ ਹਰ ਹਰਬਾ ਵਰਤ ਰਹੇ ਹਨ। ਉਨ੍ਹਾਂ ਬਾਇਡਨ ਵੱਲੋਂ ਆਪਣੇ ਕਾਰਜਕਾਲ ਦੇ ਆਖਰੀ ਹਫ਼ਤਿਆਂ 'ਚ ਜਲਵਾਯੂ ਅਤੇ ਹੋਰ ਸਰਕਾਰੀ ਮਸਲਿਆਂ 'ਤੇ ਜਾਰੀ ਹੁਕਮਾਂ ਦਾ ਹਵਾਲਾ ਦਿੱਤਾ। ਟਰੰਪ ਨੇ 'ਟਰੁਥ ਸੋਸ਼ਲ' 'ਤੇ ਇਕ ਪੋਸਟ 'ਚ ਕਿਹਾ, ''ਬਾਇਡਨ ਸੱਤਾ ਤਬਦੀਲੀ ਨੂੰ ਮੁਸ਼ਕਲ ਬਣਾਉਣ ਦੀ ਹਰਸੰਭਵ ਕੋਸ਼ਿਸ਼ ਕਰ ਰਹੇ ਹਨ। ਅਜਿਹੇ ਫ਼ੈਸਲੇ ਲਏ ਜਾ ਰਹੇ ਹਨ ਜੋ ਪਹਿਲਾਂ ਕਦੇ ਨਹੀਂ ਦੇਖੇ ਗਏ। ਗਰੀਨ ਨਿਊ ਸਕੈਮ ਅਤੇ ਪੈਸੇ ਦੀ ਬਰਬਾਦੀ ਵਾਲੇ ਹੋਰ ਫ਼ੈਸਲੇ ਇਸ ਦੀ ਮਿਸਾਲ ਹਨ।'' ਟਰੰਪ ਨੇ ਕਿਹਾ ਕਿ ਕਿਸੇ ਨੂੰ ਡਰਨ ਦੀ ਲੋੜ ਨਹੀਂ ਹੈ ਅਤੇ ਇਹ ਸਾਰੇ ਹੁਕਮ ਛੇਤੀ ਵਾਪਸ ਲੈ ਲਏ ਜਾਣਗੇ ਅਤੇ ਅਮਰੀਕਾ ਤਾਕਤ ਅਤੇ ਸਮਝ ਵਾਲਾ ਮੁਲਕ ਬਣ ਜਾਵੇਗਾ।

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਲਾਸ ਏਂਜਲਸ 'ਚ ਭਿਆਨਕ ਅੱਗ ਦਾ ਤਾਂਡਵ, ਸੈਂਕੜੇ ਘਰ ਸੜ ਕੇ ਸੁਆਹ, 2 ਦੀ ਮੌਤ



ਲਾਸ ਏਂਜਸਲ- ਦੱਖਣੀ ਕੈਲੀਫੋਰਨੀਆ ਦੇ ਲਾਸ ਏਂਜਲਸ ਦੇ ਜੰਗਲਾਂ 'ਚ ਲੱਗੀ ਅੱਗ ਹੁਣ ਰਿਹਾਇਸ਼ੀ ਇਲਾਕਿਆਂ ਪਹੁੰਚ ਗਈ ਹੈ। ਤੇਜ਼ੀ ਨਾਲ ਫੈਲ ਰਹੀ ਇਸ ਅੱਗ 'ਚ 1100 ਦੇ ਕਰੀਬ ਘਰ ਸੜ ਕੇ ਸੁਆਹ ਹੋ ਗਏ ਹਨ ਅਤੇ ਦੋ ਲੋਕਾਂ ਦੀ ਮੌਤ ਹੋ ਗਈ ਹੈ। ਕਈ ਪ੍ਰਮੁੱਖ ਸੜਕਾਂ ਬੰਦ ਹੋ ਗਈਆਂ ਹਨ। ਦੱਖਣੀ ਕੈਲੀਫੋਰਨੀਆ ਵਿਚ ਤੇਜ਼ੀ ਨਾਲ ਵਧ ਰਹੀ ਜੰਗਲ ਦੀ ਅੱਗ ਕਾਰਨ ਲਗਭਗ 30,000 ਲੋਕਾਂ ਨੂੰ ਘਰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਉਕਤ ਆਦੇਸ਼ ਦਿੱਤੇ ਜਾਣ ਤੋਂ ਬਾਅਦ ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ਮ ਨੇ ਮੰਗਲਵਾਰ ਨੂੰ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ। ਭਿਆਨਕ ਅੱਗ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣਾ ਘਰ ਖ਼ਾਲੀ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਲਾਸ ਏਂਜਲਸ ਦੇ ਪੈਸੀਫਿਕ ਪੈਲੀਸਾਡੇਸ ਇਲਾਕੇ 'ਚ ਫੈਲੀ ਬੇਕਾਬੂ ਅੱਗ ਨੇ ਹੁਣ ਤੱਕ 2900 ਏਕੜ ਤੋਂ ਵੱਧ ਖੇਤਰ ਨੂੰ ਸਾੜ ਦਿੱਤਾ ਹੈ। ਇਸ ਅੱਗ ਨੂੰ ਬੁਝਾਉਣ ਦੇ ਸਾਰੇ ਪ੍ਰਬੰਧ ਨਾਕਾਮ ਹੁੰਦੇ ਜਾਪਦੇ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਘਰ ਛੱਡਣ ਦੇ ਨਿਰਦੇਸ਼ ਦਿੱਤੇ ਹਨ।

ਲਾਸ ਏਂਜਲਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਤੂਫਾਨ ਵਰਗੀਆਂ ਹਵਾਵਾਂ ਕਾਰਨ ਉਨ੍ਹਾਂ ਨੂੰ ਅੱਗ ਬੁਝਾਉਣ 'ਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਧਿਕਾਰੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਜੇਕਰ ਅੱਗ ਇਸੇ ਰਫ਼ਤਾਰ ਨਾਲ ਫੈਲਦੀ ਹੈ ਤਾਂ ਸਾਨੂੰ ਹੋਰ ਵੀ ਮਾੜੇ ਸਮੇਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਨਿਊਜ਼ ਏਜੰਸੀ ਏਐੱਨਆਈ ਮੁਤਾਬਕ ਜਿਵੇਂ ਹੀ ਅੱਗ ਸਨਸੈਟ ਬੁਲੇਵਾਰਡ ਸਮੇਤ ਪ੍ਰਮੁੱਖ ਸੜਕਾਂ 'ਤੇ ਪਹੁੰਚੀ ਤਾਂ ਅਧਿਕਾਰੀਆਂ ਨੇ ਸੜਕ 'ਤੇ ਖੜ੍ਹੇ ਵਾਹਨਾਂ ਦੇ ਡਰਾਈਵਰਾਂ ਨੂੰ ਆਪਣੇ ਵਾਹਨ ਛੱਡ ਕੇ ਭੱਜਣ ਲਈ ਕਿਹਾ। ਚਸ਼ਮਦੀਦਾਂ ਨੇ ਦੱਸਿਆ ਕਿ ਕਈ ਲੋਕਾਂ ਨੇ ਆਪਣੀਆਂ ਅੱਖਾਂ ਸਾਹਮਣੇ ਵਾਹਨਾਂ ਨੂੰ ਸੜਦੇ ਦੇਖਿਆ। ਸੜਕਾਂ 'ਤੇ ਆਪਣੇ ਵਾਹਨਾਂ 'ਚ ਫਸੇ ਲੋਕਾਂ ਨੇ ਅੱਗ ਦੀ ਤੀਬਰਤਾ ਬਾਰੇ ਦੱਸਿਆ।

ਮਾਲੀਬੂ ਅਤੇ ਸੈਂਟਾ ਮੋਨਿਕਾ ਖੇਤਰਾਂ ਦੇ ਲੋਕਾਂ ਨੂੰ ਵੀ ਆਪਣੇ ਘਰ ਛੱਡਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ। ਕੁਝ ਲੋਕਾਂ ਨੂੰ ਅੱਗ ਤੋਂ ਬਚਣ ਲਈ ਬੀਚ 'ਤੇ ਪਨਾਹ ਲੈਣ ਬਾਰੇ ਵਿਚਾਰ ਕਰਨਾ ਪੈ ਰਿਹਾ ਹੈ। ਇਹ ਇਸ ਲਈ ਹੈ ਕਿਉਂਕਿ ਇਹ ਅੱਗ ਸਿਰਫ ਛੇ ਘੰਟਿਆਂ ਵਿੱਚ 1,000 ਏਕੜ ਤੱਕ ਵੱਧ ਗਈ ਸੀ। ਇਹ ਅੱਗ ਅਧਿਕਾਰੀਆਂ ਦੇ ਨਾਲ-ਨਾਲ ਆਮ ਲੋਕਾਂ ਲਈ ਵੀ ਚੁਣੌਤੀ ਬਣ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਸੈਨ ਫਰਨਾਂਡੋ ਦੇ ਉੱਤਰ ਵਿੱਚ ਸਥਿਤ ਹਾਰਸਟ ਅੱਗ ਨੇ 100 ਏਕੜ ਦੇ ਖੇਤਰ ਨੂੰ ਸਾੜ ਦਿੱਤਾ ਹੈ।

## ਭਾਰੀ ਮੀਂਹ ਤੇ ਹੜ੍ਹ 'ਚ ਡੁੱਬਿਆ ਸਾਊਦੀ ਅਰਬ, ਰੈੱਡ ਅਲਰਟ ਜਾਰੀ

ਸਾਊਦੀ ਅਰਬ 'ਚ ਗੜੇਮਾਰੀ ਅਤੇ ਤੂਫਾਨ ਦੇ ਨਾਲ ਭਾਰੀ ਮੀਂਹ ਪਿਆ ਹੈ। ਰਿਪੋਰਟ ਦੇ ਅਨੁਸਾਰ, ਮੀਂਹ ਕਾਰਨ ਮੱਕਾ, ਜੇਦਾਹ ਅਤੇ ਮਦੀਨਾ ਸ਼ਹਿਰਾਂ ਦੀਆਂ ਗਲੀਆਂ ਅਤੇ ਚੌਕਾਂ ਵਿੱਚ ਪਾਣੀ ਭਰ ਗਿਆ, ਜਿਸ ਨਾਲ ਹਾਈਵੇਅ ਅਤੇ ਸੜਕਾਂ 'ਤੇ ਆਵਾਜਾਈ ਪ੍ਰਭਾਵਿਤ ਹੋਈ ਹੈ। ਦੇਸ਼ ਦੇ ਕੁਝ ਹੋਰ ਖੇਤਰਾਂ ਵਿੱਚ ਦਰਮਿਆਨੀ ਤੋਂ ਭਾਰੀ ਬਾਰਿਸ਼ ਹੋਈ। ਮਦੀਨਾ ਦੇ ਬਦਰ ਗਵਰਨੋਰੇਟ ਦੇ ਅਲ-ਸ਼ਾਫੀਆ ਵਿੱਚ ਸਭ ਤੋਂ ਵੱਧ 49.2 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ।

ਮੰਤਰਾਲੇ ਨਾਲ ਜੁੜੀ ਵਾਤਾਵਰਣ ਏਜੰਸੀ ਦਾ ਕਹਿਣਾ ਹੈ ਕਿ ਮਦੀਨਾ ਦੇ ਕੁਝ ਹਿੱਸਿਆਂ 'ਚ ਸਭ ਤੋਂ ਜ਼ਿਆਦਾ ਬਾਰਿਸ਼ ਦਰਜ ਕੀਤੀ ਗਈ। ਰਿਪੋਰਟ ਮੁਤਾਬਿਕ ਮੱਕਾ, ਮਦੀਨਾ, ਕਾਸਿਮ, ਤਾਬੁਕ, ਉੱਤਰੀ ਸਰਹੱਦੀ ਖੇਤਰ ਅਤੇ ਅਲ-ਜੌਫ ਖੇਤਰਾਂ ਵਿੱਚ ਲਗਾਤਾਰ ਮੀਂਹ ਜਾਰੀ ਹੈ। ਸਾਊਦੀ ਅਰਬ ਦੇ ਰਾਸ਼ਟਰੀ ਮੌਸਮ ਵਿਗਿਆਨ ਕੇਂਦਰ (ਐੱਨ.ਸੀ.ਐੱਮ.) ਨੇ ਕਿਹਾ ਕਿ ਹੁਣ ਤੱਕ ਜੇਦਾਹ ਸ਼ਹਿਰ 'ਚ ਰੈੱਡ ਅਲਰਟ ਸੀ, ਜਿਸ ਨੂੰ ਹੁਣ ਓਰੇਂਜ 'ਚ ਬਦਲ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਦਰਮਿਆਨੀ ਬਾਰਿਸ਼, ਤੇਜ਼ ਹਵਾਵਾਂ, ਲਗਭਗ ਜ਼ੀਰੋ ਵਿਜ਼ੀਬਿਲਟੀ ਅਤੇ ਉੱਚ ਸਮੁੰਦਰੀ ਲਹਿਰਾਂ ਦੀ ਸੰਭਾਵਨਾ ਹੈ।

# ਅਮਰੀਕਾ ਦੇ ਵਰਜੀਨੀਆ ਸੂਬੇ ਦੀਆਂ ਚੋਣਾਂ ਵਿੱਚ 2 ਭਾਰਤੀ ਜੇਤੂ




ਰਿਚਮੰਡ : ਅਮਰੀਕਾ ਦੇ ਵਰਜੀਨੀਆ ਸੂਬੇ ਵਿਚ ਸਿੱਖ ਨੌਜਵਾਨ ਸਣੇ ਭਾਰਤੀ ਮੂਲ ਦੇ ਦੋ ਉਮੀਦਵਾਰ ਸੂਬਾਈ ਸੈਨੇਟ ਅਤੇ ਅਸੈਂਬਲੀ ਦੀ ਚੋਣ ਵਿਚ ਜੇਤੂ ਰਹੇ। ਜੇ.ਜੇ. ਸਿੰਘ ਸਟੇਟ ਹਾਊਸ ਆਫ਼ ਡੈਲੀਗੇਟਸ ਦੇ ਮੈਂਬਰ ਬਣੇ ਜਦਕਿ ਕੰਨਨ ਸ੍ਰੀਨਿਵਾਸਨ ਸੂਬਾ ਸੈਨੇਟ ਵਾਸਤੇ ਚੁਣੇ ਗਏ। ਵਰਜੀਨੀਆ ਸੂਬੇ ਦੀ ਚੋਣ ਵਿਚ ਇਕ ਹੋਰ ਭਾਰਤੀ ਮੂਲ ਦੇ ਉਮੀਦਵਾਰ ਰਾਮ ਵੈਂਕਟਾਚਲਮ ਦਾ ਨਾਂ ਵੀ ਉਭਰਿਆ ਜਿਸ ਨੂੰ ਜੇ.ਜੇ. ਸਿੰਘ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ।

### ਜੇ.ਜੇ. ਸਿੰਘ ਸੂਬਾ ਅਸੈਂਬਲੀ ਦੇ ਮੈਂਬਰ ਚੁਣੇ ਗਏ

ਜੇ.ਜੇ. ਸਿੰਘ ਵੱਲੋਂ ਜਿੱਤੀ ਸੀਟ ਪਹਿਲਾਂ ਕੰਨਨ ਸ੍ਰੀਨਿਵਾਸਨ ਕੋਲ ਸੀ ਜਿਨ੍ਹਾਂ ਵੱਲੋਂ ਸੁਹਾਸ ਸੁਬਰਾਮਣੀਅਮ ਦੀ ਸੀਟ ਤੋਂ ਚੋਣ ਲੜਨ ਕਾਰਨ ਅਸਤੀਫ਼ਾ ਦਿਤਾ ਗਿਆ। ਸੁਹਾਸ ਸੁਬਰਾਮਣੀਅਮ ਵੱਲੋਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੀ ਚੋਣ ਲੜਨ ਵਾਸਤੇ ਸੂਬਾ ਸੈਨੇਟ ਦੀ ਸੀਟ ਛੱਡੀ ਗਈ। ਵਰਜੀਨੀਆ ਸੂਬੇ ਦੀ ਸੈਨੇਟ ਵਿਚ ਸ੍ਰੀਨਿਵਾਸਨ ਦੂਜੇ ਭਾਰਤੀ ਹੋਣਗੇ। ਇਸ ਤੋਂ ਪਹਿਲਾਂ ਹੈਦਰਾਬਾਦ ਵਿਚ ਜੰਮੀ ਗਜ਼ਾਲਾ ਹਾਸ਼ਮੀ ਸੈਨੇਟ ਦੀ ਮੈਂਬਰ ਹੈ। ਪੇਸ਼ੇ ਵਜੋਂ ਚਾਰਟਰਡ ਅਕਾਊਂਟੈਂਟ ਸ੍ਰੀਨਿਵਾਸਨ ਦੀ ਪਰਵਰਿਸ਼ ਤਾਮਿਲ ਨਾਡੂ ਵਿਚ ਹੋਈ। ਦੂਜੇ ਪਾਸੇ ਜੇ.ਜੇ. ਸਿੰਘ ਦਾ ਜਨਮ ਵਰਜੀਨੀਆ ਵਿਚ ਹੋਇਆ ਅਤੇ ਉਹ ਅਮਰੀਕਾ ਦੀ ਕਿਸੇ ਵੀ ਸੂਬਾਈ ਅਸੈਂਬਲੀ ਵਿਚ ਪਹਿਲੇ ਦਸਤਾਰਧਾਰੀ ਮੈਂਬਰ ਬਣੇ ਹਨ।

### ਸ੍ਰੀਨਿਵਾਸਨ ਨੇ ਸੈਨੇਟ ਦੀ ਚੋਣ ਵਿਚ ਜਿੱਤ ਹਾਸਲ ਕੀਤੀ

ਜੇ.ਜੇ. ਸਿੰਘ ਨੇ ਬਰਾਕ ਓਬਾਮਾ ਦੇ ਕਾਰਜਕਾਲ ਵੇਲੇ ਵਾਈਟ ਹਾਊਸ ਵਿਚ ਦਫ਼ਤਰੀ ਮੈਨੇਜਮੈਂਟ ਵਜੋਂ ਕੰਮ ਕੀਤਾ। ਇਸ ਤੋਂ ਪਹਿਲਾਂ ਉਹ ਬੋਲੀਵੀਆ ਵਿਚ ਪੀਸ ਕੋਰ ਵਾਲੰਟੀਅਰ ਵੀ ਰਹੇ ਹਨ ਅਤੇ ਅਮਰੀਕਾ ਦੀ ਸੈਨੇਟ ਵਿਚ ਸਲਾਹਕਾਰ ਦੀ ਸੇਵਾ ਵੀ ਨਿਭਾਈ। ਤਾਜ਼ਾ ਚੋਣਾਂ ਡੈਮੋਕ੍ਰੈਟਿਕ ਪਾਰਟੀ ਵਾਸਤੇ ਬੇਹੱਦ ਅਹਿਮ ਸਨ ਜਿਨ੍ਹਾਂ ਨੂੰ ਹੁਣ ਦੋਹਾਂ ਸਦਨਾਂ ਵਿਚ ਬਹੁਮਤ ਹਾਸਲ ਹੋ ਗਿਆ ਹੈ। ਡੈਮੋਕ੍ਰੈਟਿਕ ਪਾਰਟੀ ਵੱਲੋਂ ਚੋਣਾਂ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਗਿਆ ਅਤੇ ਲੈਜਿਸਲੇਟਿਵ ਕੈਂਪੇਨ ਕਮੇਟੀ ਵੱਲੋਂ ਪਿਛਲੇ ਮਹੀਨੇ ਇਕ ਲੱਖ ਡਾਲਰ ਖਰਚ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ।

## ਸੁਖਬੀਰ ਸਿੰਘ ਬਾਦਲ ਧੜਾ ਭਗੌੜਿਆਂ ਦਾ ਹੈ ਤੇ ਨਾਲ ਸਾਡਾ ਭਗੌੜਿਆਂ ਨਾਲ ਜਾਣਾ ਸੰਭਵ ਨਹੀਂ : ਬੀਬੀ ਜਗੀਰ ਕੌਰ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਭੰਗ ਕੀਤੇ ਗਏ ਬਾਗੀ ਧੜੇ ਨੇ ਅੱਜ ਮੀਟਿੰਗ ਕੀਤੀ। ਇਸ ਮੌਕੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਅੱਜ ਸਾਰੇ ਵਰਕਰਾਂ ਨੂੰ ਸੱਦਿਆ ਸਨ ਕਿਉਂਕਿ ਸਾਡੀ ਸ਼੍ਰੋਮਣੀ ਅਕਾਲੀ ਦਲ 100 ਸਾਲ ਪੁਰਾਣੀ ਪਾਰਟੀ ਹੈ ਪਰ ਸਮੇਂ ਨਾਲ ਗਲਤੀਆਂ ਹੋਈਆਂ ਅਤੇ ਬੇਅਦਬੀ ਕਾਰਨ ਸਾਰਿਆ ਵਿੱਚ ਰੋਸ ਸੀ ਅਤੇ ਫਿਰ ਵੱਖ ਹੋ ਗਏ।

ਉਹਨਾਂ ਕਿਹਾ ਕਿ ਅਸੀਂ ਵੱਖਰੇ ਹੋ ਕੇ ਪਾਰਟੀ ਬਣਾਉਣ ਲਈ ਨਹੀਂ ਗਏ ਸੀ ਸਗੋਂ ਪਾਰਟੀ ਨੂੰ ਸੁਧਾਰਨ ਲਈ ਸੁਧਾਰ ਲਹਿਰ ਸ਼ੁਰੂ ਕੀਤੀ ਸੀ ਤੇ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਇਆ ਕਿ ਧੜਾ ਰੱਦ ਕੀਤਾ ਜਾਵੇ ਅਤੇ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਪਾਲਣਾ ਕੀਤੀ। ਬੀਬੀ ਨੇ ਕਿਹਾ ਕਿ ਮੈਨੂੰ ਅਫਸੋਸ ਹੋਇਆ ਸੁਖਬੀਰ ਬਾਦਲ ਨੇ 16-17 ਸਾਲ ਪ੍ਰਧਾਨਗੀ ਕੀਤੀ ਅਤੇ ਹੁਣ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਇਆ। ਉਨ੍ਹਾਂ ਨੇ ਕਿਹਾ ਹੈ ਕਿ ਤਨਖਾਹ ਵੀ ਲਗਾ ਲਈ ਉਥੋ ਆ ਕੇ ਫਿਰ ਮੁਨਕਰ ਹੋ ਗਏ। ਉਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਦੁੱਖ ਹੋਇਆ ਇਕ ਤਾਂ ਮੰਥਨ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਲੈ ਕੇ ਜੋ ਲਿਸਟ ਜਾਰੀ ਹੋਈ ਹੈ ਉਸ ਨੂੰ ਮੁੜ ਚੈੱਕ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਸਾਡੀ ਲੀਡਰਸ਼ਿੱਪ ਵੀ ਚੋਣ ਲੜੇਗੀ ਤੇ ਮੈਂ ਆਪ ਚੋਣ ਲੜਾਂਗੀ। ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਹੈ ਕਿ 2 ਦਸੰਬਰ ਦੇ ਹੁਕਮ ਨੂੰ ਨਾ ਮੰਨਣਾ ਉਲੰਘਣਾ ਹੈ। ਸੁਖਬੀਰ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਨਹੀਂ ਰਹਿਣ ਦਿੱਤਾ ਸਗੋਂ ਧੜਾ ਬਣਾ ਲਿਆ। ਉਹ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਨਹੀ ਮੰਨਣਾ ਚਾਹੁੰਦਾ। ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਇਨ ਬਿਨ ਮੰਨਿਆ ਜਾਂਦਾ ਹੈ ਤਾਂ ਫਿਰ ਅਸੀਂ ਇਕੱਠੇ ਹੋ ਜਾਵਾਂਗੇ ਪਰ ਜੇਕਰ ਉਹ ਕੌਮ, ਤਖ਼ਤ ਤੋਂ ਬਾਗੀ ਹੋ ਗਏ ਫਿਰ ਅਸੀਂ ਵੱਖ ਹੀ ਰਹਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਪਹਿਲਾ ਹੀ ਭਗੌੜਾ ਹੈ ਹੁਣ ਸਾਡਾ ਭਗੌੜਿਆ ਨਾਲ ਜਾਣਾ ਜ਼ਰੂਰੀ ਨਹੀ।

## HMPV ਵਾਇਰਸ: ਪੰਜਾਬ 'ਚ ਹਸਪਤਾਲ ਤਿਆਰ, ਸਿਹਤ ਵਿਭਾਗ ਨੇ ਸ਼ੁਰੂ ਕੀਤਾ ਟੈਸਟ

ਚੰਡੀਗੜ੍ਹ: ਕੇਂਦਰ ਸਰਕਾਰ ਦੀਆਂ ਹਦਾਇਤਾਂ ਤੋਂ ਬਾਅਦ ਸੂਬੇ ਦੇ ਸਿਹਤ ਵਿਭਾਗ ਨੇ ਮੀਟਿੰਗ ਕਰਕੇ ਸਾਰੇ ਹਸਪਤਾਲਾਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਹੈ। ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ ਟੈਸਟਿੰਗ ਸ਼ੁਰੂ ਕਰ ਦਿੱਤੀ ਗਈ ਹੈ, ਤਾਂ ਜੋ ਸਮੇਂ ਸਿਰ ਮਰੀਜ਼ਾਂ ਦਾ ਪਤਾ ਲਗਾਇਆ ਜਾ ਸਕੇ। ਸਾਰੇ ਹਸਪਤਾਲਾਂ ਵਿੱਚ ਵਿਸ਼ੇਸ਼ ਵਾਰਡ ਅਤੇ ਬੈੱਡ ਤਿਆਰ ਹਨ। ਫਿਲਹਾਲ ਕੋਈ ਵੀ ਮਰੀਜ਼ ਪੰਜਾਬ ਨਹੀਂ ਆਇਆ ਹੈ। ਮੰਤਰੀ ਨੇ ਕਿਹਾ ਕਿ ਇਸ ਵਾਇਰਸ ਤੋਂ ਘਬਰਾਉਣ ਦੀ ਲੋੜ ਨਹੀਂ ਹੈ, ਪਰ ਛੋਟੇ ਬੱਚਿਆਂ ਅਤੇ ਬਜ਼ੁਰਗ ਮਰੀਜ਼ਾਂ ਨੂੰ ਸਾਵਧਾਨੀ ਵਰਤਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਘੱਟ ਹੈ। ਇਹ 20 ਸਾਲ ਪੁਰਾਣਾ ਵਾਇਰਸ ਹੈ ਅਤੇ ਬਹੁਤ ਹਲਕਾ ਹੈ। ਇਸ ਤੋਂ ਕੋਈ ਖਤਰਾ ਨਹੀਂ ਹੈ। ਇਹ ਖੰਘ ਅਤੇ ਜ਼ੁਕਾਮ ਦਾ ਕਾਰਨ ਬਣਦਾ ਹੈ ਅਤੇ ਹੋਰ ਫਲੂ ਵਾਂਗ, ਲੋਕ ਇੱਕ ਦੂਜੇ ਦੇ ਸੰਪਰਕ ਵਿੱਚ ਆਉਣ ਨਾਲ ਸੰਕਰਮਿਤ ਹੋ ਜਾਂਦੇ ਹਨ। ਜੇਕਰ ਕਿਸੇ ਨੂੰ ਖੰਘ ਅਤੇ ਜ਼ੁਕਾਮ ਹੈ ਤਾਂ ਬਿਹਤਰ ਹੈ ਕਿ ਉਹ ਮਾਸਕ ਪਹਿਨੇ ਅਤੇ ਭੀੜ ਵਾਲੀਆਂ ਥਾਵਾਂ 'ਤੇ ਨਾ ਜਾਵੇ। ਲੋਕਾਂ ਨੂੰ ਆਪਣੇ ਹੱਥ ਨਿਯਮਿਤ ਤੌਰ 'ਤੇ ਧੋਣੇ ਚਾਹੀਦੇ ਹਨ ਅਤੇ ਆਪਣੇ ਮੂੰਹ ਅਤੇ ਨੱਕ ਨੂੰ ਛੂਹਣ ਤੋਂ ਬਚਣਾ ਚਾਹੀਦਾ ਹੈ। ਅੰਮ੍ਰਿਤਸਰ ਵਿੱਚ ਸੂਬਾ ਸਰਕਾਰ ਦੀ ਲੈਬ ਤਿਆਰ ਹੈ, ਜਿੱਥੇ ਵਾਇਰਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਹਮਾਸ ਨੂੰ ਟਰੰਪ ਦੀ ਚਿਤਾਵਨੀ: ਬੰਧਕ ਬਣਾਏ ਲੋਕਾਂ ਨੂੰ ਰਿਹਾਅ ਨਾ ਕੀਤਾ ਤਾਂ ਪੱਛਮੀ ਏਸ਼ੀਆ 'ਚ ਮਚੇਗੀ ਤਬਾਹੀ



ਵਾਸ਼ਿੰਗਟਨ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਹਮਾਸ ਵਲੋਂ ਬੰਧਕ ਬਣਾਏ ਗਏ ਲੋਕਾਂ ਨੂੰ 20 ਜਨਵਰੀ ਤਕ ਰਿਹਾਅ ਨਾ ਕੀਤਾ ਗਿਆ ਤਾਂ ਪਛਮੀ ਏਸ਼ੀਆ ਵਿਚ ਤਬਾਹੀ ਮਚ ਜਾਵੇਗੀ। ਟਰੰਪ ਨੇ ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਕਿ ਜੇਕਰ ਬੰਧਕਾਂ ਨੂੰ ਰਿਹਾਅ ਨਹੀਂ ਕੀਤਾ ਗਿਆ ਤਾਂ ਉਹ ਕੀ ਕਾਰਵਾਈ ਕਰਨਗੇ।

ਹਮਾਸ ਨੇ 7 ਅਕਤੂਬਰ 2023 ਨੂੰ ਇਜ਼ਰਾਈਲ 'ਤੇ ਹਮਲਾ ਕੀਤਾ ਅਤੇ ਵੱਡੀ ਗਿਣਤੀ 'ਚ ਲੋਕਾਂ ਨੂੰ ਬੰਧਕ ਬਣਾ ਲਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਲਗਭਗ 100 ਲੋਕ ਅਜੇ ਵੀ ਹਮਾਸ ਦੇ ਕਬਜ਼ੇ ਵਿਚ ਹਨ, ਜਿਨ੍ਹਾਂ ਵਿਚ ਕੁਝ ਅਮਰੀਕੀ ਨਾਗਰਿਕ ਵੀ ਸ਼ਾਮਲ ਹਨ। ਅਧਿਕਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਹੁਣ ਤਕ ਕਈ ਬੰਧਕਾਂ ਦੀ ਮੌਤ ਹੋ ਚੁਕੀ ਹੈ।

ਟਰੰਪ ਨੇ ਫ਼ਲੋਰੀਡਾ ਦੇ ਮਾਰ-ਏ-ਲਾਗੋ ਵਿਖੇ ਪੱਤਰਕਾਰਾਂ ਨੂੰ ਕਿਹਾ, 'ਜੇਕਰ ਬੰਧਕਾਂ ਨੂੰ ਵਾਪਸ ਨਹੀਂ ਕੀਤਾ ਗਿਆ, ਤਾਂ ਸਭ ਕੁਝ ਤਬਾਹ ਹੋ ਜਾਵੇਗਾ। ਮੈਂ ਤੁਹਾਡੀਆਂ ਗੱਲਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ, ਜੇਕਰ ਉਹ ਮੇਰੇ ਅਹੁਦਾ ਸੰਭਾਲਣ ਤਕ ਵਾਪਸ ਨਹੀਂ ਆਉਂਦੇ ਤਾਂ ਪਛਮੀ ਏਸ਼ੀਆ ਵਿਚ ਸਭ ਕੁਝ ਤਬਾਹ ਹੋ ਜਾਵੇਗਾ। ਉਹ ਅਮਰੀਕੀ ਬੰਧਕਾਂ ਦੀ ਰਿਹਾਈ 'ਤੇ ਹਮਾਸ ਨਾਲ ਗੱਲਬਾਤ ਦੀ ਸਥਿਤੀ 'ਤੇ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ, 'ਇਹ ਹਮਾਸ ਲਈ ਚੰਗਾ ਨਹੀਂ ਹੋਵੇਗਾ ਅਤੇ ਸੱਚ ਕਹਾਂ ਤਾਂ ਇਹ ਕਿਸੇ ਲਈ ਵੀ ਚੰਗਾ ਨਹੀਂ ਹੋਵੇਗਾ। ਸਭ ਕੁਝ ਬਰਬਾਦ ਹੋ ਜਾਵੇਗਾ। ਮੈਨੂੰ ਹੋਰ ਕੁੱਝ ਕਹਿਣ ਦੀ ਲੋੜ ਨਹੀਂ ਹੈ ਪਰ ਅਜਿਹਾ ਹੀ ਹੈ। ਉਨ੍ਹਾਂ ਨੂੰ ਬੰਧਕਾਂ ਨੂੰ ਬਹੁਤ ਪਹਿਲਾਂ ਛੱਡ ਦੇਣਾ ਚਾਹੀਦਾ ਸੀ। 7 ਅਕਤੂਬਰ ਵਰਗਾ ਹਮਲਾ ਕਦੇ ਨਹੀਂ ਹੋਣਾ ਚਾਹੀਦਾ ਸੀ।''

## ਫਰਾਂਸ ਨੇ ਡੋਨਾਲਡ ਟਰੰਪ ਨੂੰ ਗ੍ਰੀਨਲੈਂਡ ਨੂੰ ਧਮਕੀ ਦੇਣ ਵਿਰੁੱਧ ਦਿੱਤੀ ਚਿਤਾਵਨੀ



ਫਰਾਂਸ: ਯੂਐਸ ਦੇ ਚੁਣੇ ਹੋਏ ਰਾਸ਼ਟਰਪਤੀ ਦੁਆਰਾ ਡੈਨਮਾਰਕ ਦੇ ਇੱਕ ਖੁਦਮੁਖਤਿਆਰ ਖੇਤਰ ਗ੍ਰੀਨਲੈਂਡ ਦੇ ਕੰਟਰੋਲ ਲਈ ਫੌਜੀ ਕਾਰਵਾਈ ਨੂੰ ਰੱਦ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਫਰਾਂਸ ਨੇ ਡੋਨਾਲਡ ਟਰੰਪ ਨੂੰ ਯੂਰਪੀਅਨ ਯੂਨੀਅਨ ਦੀਆਂ "ਪ੍ਰਭੂਸੱਤਾ ਸੰਪੰਨ ਸਰਹੱਦਾਂ" ਨੂੰ ਧਮਕੀ ਦੇਣ ਵਿਰੁੱਧ ਚੇਤਾਵਨੀ ਦਿੱਤੀ ਹੈ। ਉਥੇ ਹੀ ਯੂਰਪੀ ਸੰਘ ਅਤੇ ਖਾਸ ਤੌਰ 'ਤੇ ਡੈਨਮਾਰਕ ਨੇ ਇਸ ਨੂੰ ਸਖਤੀ ਨਾਲ ਨਕਾਰ ਦਿੱਤਾ ਅਤੇ ਟਰੰਪ ਨੂੰ ਚਿਤਾਵਨੀ ਦਿੱਤੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਫੌਜੀ ਜਾਂ ਆਰਥਿਕ ਦਬਾਅ ਨੂੰ ਬਰਦਾਸ਼ਤ ਨਹੀਂ ਕਰਨਗੇ। ਯੂਰਪੀ ਸੰਘ ਨੇ ਟਰੰਪ ਨੂੰ ਕਿਹਾ ਕਿ ਉਹ ਯੂਰਪੀ ਦੇਸ਼ਾਂ ਦੀਆਂ ਪ੍ਰਭੂਸੱਤਾ ਸੰਪੰਨ ਸਰਹੱਦਾਂ ਦਾ ਸਨਮਾਨ ਕਰਨ ਅਤੇ ਕਿਸੇ ਵੀ ਤਰ੍ਹਾਂ ਦੀ ਧਮਕੀ ਦੇਣ ਤੋਂ ਬਚਣ।

ਮੀਡੀਆ ਰਿਪੋਰਟ ਵਿੱਚ ਵਿਦੇਸ਼ ਮੰਤਰੀ ਜੀਨ-ਨੋਏਲ ਬੈਰੋਟ ਨੇ ਫਰਾਂਸ ਮੀਡੀਆ ਨੂੰ ਦੱਸਿਆ ਕਿ ਯੂਰਪੀ ਸੰਘ ਦੁਆਰਾ ਦੁਨੀਆ ਦੇ ਹੋਰ ਦੇਸ਼ਾਂ ਨੂੰ, ਭਾਵੇਂ ਉਹ ਕੋਈ ਵੀ ਹੋਵੇ ... ਨੂੰ ਇਸਦੀਆਂ ਪ੍ਰਭੂਸੱਤਾ ਸੰਪੰਨ ਸਰਹੱਦਾਂ 'ਤੇ ਹਮਲਾ ਕਰਨ ਦੀ ਇਜਾਜ਼ਤ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। "ਅਸੀਂ ਇੱਕ ਮਜ਼ਬੂਤ ਮਹਾਂਦੀਪ ਹਾਂ। ਸਾਨੂੰ ਆਪਣੇ ਆਪ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਬੈਰੋਟ ਨੇ ਗ੍ਰੀਨਲੈਂਡ ਨੂੰ "ਯੂਰਪੀਅਨ ਖੇਤਰ" ਦੱਸਿਆ। ਗ੍ਰੀਨਲੈਂਡ ਡੈਨਮਾਰਕ ਰਾਹੀਂ ਯੂਰਪੀਅਨ ਯੂਨੀਅਨ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚੋਂ ਇਹ ਇੱਕ ਸਵੈ-ਸ਼ਾਸਨ ਵਾਲਾ ਖੇਤਰ ਹੈ। ਟਰੰਪ ਨੇ ਪਨਾਮਾ ਨਹਿਰ ਅਤੇ ਗ੍ਰੀਨਲੈਂਡ ਉੱਤੇ ਫੌਜੀ ਦਖਲ ਤੋਂ ਇਨਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਉਸਨੇ ਕਿਹਾ ਹੈ ਕਿ ਉਹ ਚਾਹੁੰਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਨਿਯੰਤਰਣ ਕਰੇ। "ਸਾਨੂੰ ਰਾਸ਼ਟਰੀ ਸੁਰੱਖਿਆ ਦੇ ਉਦੇਸ਼ਾਂ ਲਈ ਗ੍ਰੀਨਲੈਂਡ ਦੀ ਲੋੜ ਹੈ," ਉਨ੍ਹਾਂ ਦੀਆਂ ਟਿੱਪਣੀਆਂ ਮੰਗਲਵਾਰ ਨੂੰ ਉਨ੍ਹਾਂ ਦੇ ਪੁੱਤਰ ਡੋਨਾਲਡ ਟਰੰਪ ਜੂਨੀਅਰ ਦੁਆਰਾ ਖਣਿਜ ਅਤੇ ਤੇਲ ਨਾਲ ਭਰਪੂਰ ਖੁਦਮੁਖਤਿਆਰ ਡੈਨਿਸ਼ ਖੇਤਰ ਦੀ ਨਿੱਜੀ ਫੇਰੀ ਨਾਲ ਮੇਲ ਖਾਂਦੀਆਂ ਹਨ। ਬੈਰੋਟ ਨੇ ਕਿਹਾ "ਜੇ ਤੁਸੀਂ ਮੈਨੂੰ ਪੁੱਛਦੇ ਹੋ: 'ਕੀ ਸੰਯੁਕਤ ਰਾਜ ਗ੍ਰੀਨਲੈਂਡ 'ਤੇ ਹਮਲਾ ਕਰਨ ਜਾ ਰਿਹਾ ਹੈ?' ਇਸ ਲਈ ਜਵਾਬ ਨਹੀਂ ਹੈ।

# ਕਿਸਾਨ ਆਗੂਆਂ ਨੇ 26 ਮਾਰਚ ਨੂੰ ਟਰੈਕਟਰ ਮਾਰਚ ਕੱਢਣ ਦਾ ਕੀਤਾ ਐਲਾਨ



ਚੰਡੀਗੜ੍ਹ: ਹਰਿਆਣਾ ਦੇ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਅੱਜ ਉਨ੍ਹਾਂ ਦੇ ਮਰ.ਨ ਵਰਤ ਦਾ 44ਵਾਂ ਦਿਨ ਹੈ। ਸ਼ੰਭੂ ਬਾਰਡਰ ਤੇ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਨੂੰ ਕਰੀਬ ਇੱਕ ਸਾਲ ਪੂਰਾ ਹੋਣ ਵਾਲਾ ਹੈ। ਹੁਣ ਕਿਸਾਨਾਂ ਦੇ ਵੱਲੋਂ ਵੀ ਕੇਂਦਰ ਦੇ ਉੱਤੇ ਦਬਾਅ ਪਾਉਣ ਦੇ ਲਈ ਲਗਾਤਾਰ ਤਿਆਰੀ ਖਿੱਚ ਲਈ ਗਈ ਹੈ। ਕਿਸਾਨ ਆਗੂਆਂ ਨੇ 26 ਮਾਰਚ ਨੂੰ ਟਰੈਕਟਰ ਮਾਰਚ ਕੱਢਣ ਦਾ ਐਲਾਨ ਕੀਤਾ ਹੈ।

ਇਸ ਦੇ ਨਾਲ ਹੀ ਉਹਨਾਂ ਨੇ 13 ਤਰੀਕ ਨੂੰ ਜੋ ਨਵੀਂ ਖੇਤੀ ਨੀਤੀ ਕੇਂਦਰ ਸਰਕਾਰ ਦੇ ਵੱਲੋਂ ਲਿਆਂਦੀ ਜਾ ਰਹੀ ਹੈ। ਉਸਦੇ ਖਰੜੇ ਦੀਆਂ ਕਾਪੀਆਂ ਨੂੰ ਸਾੜਿਆ ਜਾਵੇਗਾ ਅਤੇ ਨਾਲ ਹੀ ਉਹਨਾਂ ਨੇ ਐਲਾਨ ਕਰ ਦਿੱਤਾ ਹੈ। 10 ਤਰੀਕ ਨੂੰ ਦੇਸ਼ ਦੇ ਵਿੱਚ ਅਰਥੀ ਦਹਿਨ ਪ੍ਰਦਰਸ਼ਨ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਜੇਕਰ ਕਿਸਾਨ ਫਸਲਾਂ ਦੇ ਉੱਤੇ ਲੀਗਲ ਐਮਐਸਪੀ ਦੀ ਗਰੰਟੀ ਚਾਹੁੰਦੇ ਹਨ। ਕਿਸਾਨ ਮਜ਼ਦੂਰ ਆਪਣਾ ਕਰਜ਼ ਮੁਆਫ ਕਰਵਾਉਣਾ ਚਾਹੁੰਦੇ ਹਨ। ਨਰੇਗਾ ਕਰਮਚਾਰੀ ਆਪਣੀ ਵਧੀਆ ਦਿਹਾੜੀ ਚਾਹੁੰਦੇ ਹਨ ਤਾਂ ਉਹ 10 ਤਰੀਕ ਨੂੰ ਇਸ ਪ੍ਰਦਰਸ਼ਨ ਦੇ ਵਿੱਚ ਵੱਧ ਚੜ ਕੇ ਹਿੱਸਾ ਲੈਣ। ਇਸੇ ਦੌਰਾਨ ਕਿਸਾਨ ਆਗੂ ਪੰਧੇਰ ਨੇ ਐਚਐਮਵੀਪੀ ਵਾਇਰਸ ਨੂੰ ਲੈ ਕੇ ਵੀ ਲੋਕਾਂ ਨੂੰ ਬਚਾਅ ਰੱਖਣ ਦੀ ਗੱਲ ਆਖੀ ਹੈ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਸ ਸਬੰਧੀ ਯੋਜਨਾ ਆਉਣ ਵਾਲੇ ਦਿਨਾਂ ਵਿੱਚ ਜਾਰੀ ਕੀਤੀ ਜਾਵੇਗੀ। ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮਸਲੇ ਸਮੇਂ ਸਿਰ ਹੱਲ ਕਰਨੇ ਚਾਹੀਦੇ ਹਨ। ਜੇਕਰ ਡੱਲੇਵਾਲ ਨੂੰ ਕੁਝ ਹੋ ਗਿਆ ਤਾਂ ਕੇਂਦਰ ਸਥਿਤੀ ਨੂੰ ਸੰਭਾਲ ਨਹੀਂ ਸਕੇਗਾ। ਕਿਸਾਨ ਆਗੂ ਅਭਿਮਨਿਊ ਕੋਹਾੜ ਨੇ ਦੱਸਿਆ ਕਿ ਸੋਮਵਾਰ ਰਾਤ ਕਰੀਬ 8.15 ਵਜੇ ਜਗਜੀਤ ਸਿੰਘ ਡੱਲੇਵਾਲ ਦੀ ਤਬੀਅਤ ਕਾਫੀ ਵਿਗੜ ਗਈ ਸੀ। ਉਨ੍ਹਾਂ ਦਾ ਬਲੱਡ ਪ੍ਰੈਸ਼ਰ 77/45 ਤੋਂ ਹੇਠਾਂ ਤੇ ਨਬਜ਼ ਦੀ ਦਰ 38 ਤੋਂ ਹੇਠਾਂ ਆ ਗਈ ਸੀ। ਰਾਤ ਢਾਈ ਵਜੇ ਡਾਕਟਰਾਂ ਦੇ ਯਤਨਾਂ ਸਦਕਾ ਬਲੱਡ ਪ੍ਰੈਸ਼ਰ 95/70 'ਤੇ ਥੋੜ੍ਹਾ ਸਥਿਰ ਹੋ ਗਿਆ। ਇਸ ਵੇਲੇ ਡੱਲੇਵਾਲ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

## ਆਸਟਰੇਲੀਆ 'ਚ ਸੀਪਲੇਨ ਦੇ ਹਾਦਸਾਗ੍ਰਸਤ ਹੋਣ ਕਾਰਨ 3 ਸੈਲਾਨੀਆਂ ਦੀ ਮੌਤ, 3 ਹੋਰ ਜ਼ਖ਼ਮੀ



ਪਛਮੀ ਆਸਟਰੇਲੀਅਨ ਆਸਟਰੇਲੀਅਨ ਟੂਰਿਸਟ ਟਾਪੂ ਤੋਂ ਉਡਾਣ ਭਰਨ ਦੌਰਾਨ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਸਵਿਸ ਅਤੇ ਡੈਨਿਸ਼ ਸੈਲਾਨੀਆਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦਸਿਆ ਕਿ ਰੋਟਨੇਸਟ ਟਾਪੂ 'ਤੇ ਮੰਗਲਵਾਰ ਦੁਪਹਿਰ ਨੂੰ ਹੋਏ ਹਾਦਸੇ ਵਿਚ ਜਹਾਜ਼ ਸਵਾਰ ਸੱਤ ਵਿਅਕਤੀਆਂ ਵਿਚੋਂ ਸਿਰਫ਼ ਇਕ ਨੂੰ ਬਿਨਾਂ ਸੱਟ ਤੋਂ ਬਚਾਇਆ ਗਿਆ। ਸਵਾਨ ਰਿਵਰ ਸੀਪਲੇਨ ਦੀ ਮਲਕੀਅਤ ਵਾਲਾ ਜਹਾਜ਼ ਰੋਟਨੇਸਟ ਟਾਪੂ ਤੋਂ 30 ਕਿਲੋਮੀਟਰ ਪੂਰਬ ਵਿਚ ਪਛਮੀ ਆਸਟਰੇਲੀਆ ਰਾਜ ਦੀ ਰਾਜਧਾਨੀ ਪਰਥ ਵਿਚ ਅਪਣੇ ਬੇਸ 'ਤੇ ਵਾਪਸ ਆ ਰਿਹਾ ਸੀ।

ਪ੍ਰੀਮੀਅਰ ਰੋਜਰ ਕੁੱਕ ਨੇ ਦਸਿਆ ਕਿ ਮਰਨ ਵਾਲਿਆਂ ਵਿਚ ਇਕ 65 ਸਾਲਾ ਸਵਿਸ ਔਰਤ, ਡੈਨਮਾਰਕ ਦਾ ਇਕ 60 ਸਾਲਾ ਵਿਅਕਤੀ ਅਤੇ ਪਰਥ ਦਾ 34 ਸਾਲਾ ਪੁਰਸ਼ ਪਾਇਲਟ ਸੀ। ਕੁੱਕ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਕੁੱਕ ਨੇ ਕਿਹਾ ਕਿ ਜਹਾਜ਼ ਨੇ ਟਾਪੂ ਦੇ ਪੱਛਮ ਵਾਲੇ ਪਾਸੇ ਇਕ ਖਾੜੀ ਦੇ ਪ੍ਰਵੇਸ਼ ਦੁਆਰ ਤੇ ਇਕ ਚੱਟਾਨ ਨਾਲ ਟਕਰਾਏ ਹੋਣ ਦੀਆਂ ਰਿਪੋਰਟਾਂ ਦੀ ਹੁਣ ਤਕ ਦੇਖੇ ਗਏ ਵੀਡੀਓ ਤੋਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ। ਆਸਟਰੇਲੀਅਨ ਟਰਾਂਸਪੋਰਟ ਸੇਫ਼ਟੀ ਬਿਊਰੋ ਹਵਾਬਾਜ਼ੀ ਕਰੈਸ਼ ਜਾਂਚਕਰਤਾ ਨੇ ਕਿਹਾ ਕਿ ਵਿਸ਼ੇਸ਼ ਜਾਂਚਕਰਤਾਵਾਂ ਨੂੰ ਘਟਨਾ ਵਾਲੀ ਥਾਂ 'ਤੇ ਭੇਜਿਆ ਜਾ ਰਿਹਾ ਹੈ। ਮੌਕੇ 'ਤੇ ਮੌਜੂਦ ਇਕ ਸੈਲਾਨੀ ਕੁਇਨ ਨੇ ਪਰਥ ਵਿਚ ਆਸਟਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਰੇਡੀਓ ਨੂੰ ਦਸਿਆ, "ਅਸੀਂ ਸਮੁੰਦਰੀ ਜਹਾਜ਼ ਨੂੰ ਉੱਡਦੇ ਦੇਖ ਰਹੇ ਸੀ ਅਤੇ ਜਿਵੇਂ ਹੀ ਇਹ ਪਾਣੀ 'ਤੇ ਉਤਰਨਾ ਸ਼ੁਰੂ ਕਰ ਰਿਹਾ ਸੀ, ਇਹ ਕਰੈਸ਼ ਹੋ ਗਿਆ।

## ਅੰਬ ਦੇ ਆਚਾਰ ਵਾਲੇ ਡੱਬੇ 'ਚ ਕੈਨੇਡਾ ਭੇਜੀ ਅਫ਼ੀਮ ਜ਼ਬਤ

ਵੈਨਕੂਵਰ : ਅੰਬ ਦੇ ਆਚਾਰ ਵਾਲੇ ਡੱਬੇ ਵਿਚ ਪਾ ਕੇ ਭੇਜੀ ਇਕ ਕਿਲੋ ਅਫ਼ੀਮ ਕੈਨੇਡਾ ਬਾਰਡਰ ਸਰਵਿਸ ਏਜੰਸੀ ਵੱਲੋਂ ਜ਼ਬਤ ਕੀਤੀ ਗਈ ਹੈ। ਵੈਨਕੂਵਰ ਇੰਟਰਨੈਸ਼ਨ ਏਅਰਪੋਰਟ 'ਤੇ ਕੀਤੀ ਕਾਰਵਾਈ ਬਾਰੇ ਸੀ.ਬੀ.ਐਸ.ਏ. ਦੇ ਅਫ਼ਸਰਾਂ ਨੇ ਦੱਸਿਆ ਕਿ ਸ਼ਾਤਰ ਨਸ਼ਾ ਤਸਕਰਾਂ ਵੱਲੋਂ ਅਫ਼ੀਮ ਦੇ ਆਲੇ ਦੁਆਲੇ ਅਤੇ ਉਤੇ ਹੇਠਾਂ ਆਚਾਰ ਦੀ ਪਰਤ ਚੜ੍ਹਾ ਦਿਤੀ ਗਈ ਤਾਂਕਿ ਕਿਸੇ ਨੂੰ ਸ਼ੱਕ ਨਾ ਹੋਵੇ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਅਫ਼ੀਮ ਦੀ ਅੰਦਾਜ਼ਨ ਕੀਮਤ 13,150 ਡਾਲਰ ਮੰਨੀ ਜਾ ਰਹੀ ਹੈ ਜਿਸ ਨੂੰ ਵੈਨਕੂਵਰ ਦੀਆਂ ਗਲੀਆਂ ਵਿਚ ਪਹੁੰਚਣ ਤੋਂ ਪਹਿਲਾਂ ਹੀ ਜ਼ਬਤ ਕਰ ਲਿਆ ਗਿਆ।

### ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਹੋਈ ਕਾਰਵਾਈ

ਦੱਸ ਦੇਈਏ ਕਿ ਪਿਛਲੇ ਦਿਨੀਂ ਅਫ਼ੀਮ ਦਾ ਨਸ਼ਾ ਕਰਨ ਦੇ ਆਦੀ ਮਹਿੰਗੇ ਭਾਅ 'ਤੇ ਵੀ ਇਸ ਨੂੰ ਖਰੀਦਣ ਵਾਸਤੇ ਰਾਜ਼ੀ ਹੋ ਜਾਂਦੇ ਹਨ ਅਤੇ ਤਸਕਰਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਢੰਗ-ਤਰੀਕੇ ਵਰਤਦਿਆਂ ਭਾਰਤ ਜਾਂ ਹੋਰ ਮੁਲਕਾਂ ਤੋਂ ਇਨ੍ਹਾਂ ਨਸ਼ਿਆਂ ਨੂੰ ਮੰਗਵਾਉਣ ਦਾ ਯਤਨ ਕੀਤਾ ਜਾਂਦਾ ਹੈ। ਕੁਝ ਹਫ਼ਤੇ ਪਹਿਲਾਂ ਸੀ.ਬੀ.ਐਸ.ਏ. ਵੱਲੋਂ ਚਵਨਪ੍ਰਾਸ਼ ਦੇ ਡੱਬਿਆਂ ਵਿਚ ਭਰ ਕੇ ਕੈਨੇਡਾ ਭੇਜੀ 2.2 ਕਿਲੋ ਅਫ਼ੀਮ ਗਰੇਟਰ ਟੋਰਾਂਟੋ ਏਰੀਆ ਵਿਚ ਬਰਾਮਦ ਕੀਤੀ ਗਈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਮੁਤਾਬਕ ਕਮਰਸ਼ੀਅਲ ਸ਼ਿਪਮੈਂਟ ਵਿਚੋਂ ਅਫ਼ੀਮ ਨਾਲ ਭਰੇ ਇਹ ਡੱਬੇ ਬਰਾਮਦ ਕੀਤੇ ਗਏ।

### ਇਕ ਕਿਲੋ ਅਫ਼ੀਮ ਦੀ ਕੀਮਤ 13,150 ਡਾਲਰ : ਸੀ.ਬੀ.ਐਸ.ਏ.

ਸੀ.ਬੀ.ਐਸ.ਏ. ਵੱਲੋਂ ਅਫ਼ੀਮ ਦੇ ਸਰੋਤ ਬਾਰੇ ਕੋਈ ਜਾਣਕਾਰੀ ਨਹੀਂ ਦਿਤੀ ਗਈ ਪਰ ਅਤੀਤ ਵਿਚ ਮਠਿਆਈ ਦੇ ਡੱਬਿਆਂ ਅਤੇ ਹੋਰ ਕਈ ਤਰੀਕਿਆਂ ਰਾਹੀਂ ਤਸਕਰਾਂ ਵੱਲੋਂ ਭਾਰਤ ਤੋਂ ਕੈਨੇਡਾ ਅਫ਼ੀਮ ਭੇਜਣ ਦੇ ਯਤਨ ਕੀਤੇ ਜਾਂਦੇ ਰਹੇ ਹਨ। ਚਵਨਪ੍ਰਾਸ਼ ਅਤੇ ਅਫ਼ੀਮ ਦਾ ਰੰਗ ਮਿਲਦਾ-ਜੁਲਦਾ ਹੋਣ ਕਾਰਨ ਤਸਕਰਾਂ ਵੱਲੋਂ ਸੰਭਾਵਤ ਤੌਰ 'ਤੇ ਇਨ੍ਹਾਂ ਡੱਬਿਆਂ ਦੀ ਵਰਤੋਂ ਕੀਤੀ ਗਈ। ਦੂਜੇ ਪਾਸੇ ਕਮਰਸ਼ੀਅਲ ਸ਼ਿਪਮੈਂਟ ਮੰਗਵਾਉਣ ਵਾਲੀ ਧਿਰ ਦਾ ਨਾਂ ਵੀ ਜਨਤਕ ਨਹੀਂ ਕੀਤਾ ਗਿਆ।

# ਕੈਨੇਡਾ ਛੱਡਣ ਦਾ ਵਿਚਾਰ ਕਰ ਰਹੇ ਨਵੇਂ ਆਏ ਲੋਕ !

ਕੈਨੇਡਾ 'ਚ ਬਹੁਤ ਸਾਰੇ ਨਵੇਂ ਆਏ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵੱਧਣ-ਫੁੱਲਣ ਲਈ ਕੈਨੇਡਾ 'ਚ ਲੋੜੀਂਦੀਆਂ ਨੌਕਰੀਆਂ ਜਾਂ ਸੇਵਾਵਾਂ ਨਹੀਂ ਹਨ। ਸੀਬੀਸੀ ਨਿਊਜ਼ ਦੁਆਰਾ ਕੀਤੇ ਗਏ ਇੱਕ ਸਰਵੇਖਣ 'ਚ ਪਾਇਆ ਗਿਆ ਹੈ ਕਿ ਕੈਨੇਡਾ 'ਚ 80 ਪ੍ਰਤੀਸ਼ਤ ਤੋਂ ਵੱਧ ਨਵੇਂ ਆਏ ਲੋਕ ਮਹਿਸੂਸ ਕਰਦੇ ਹਨ ਕਿ ਕੈਨੇਡਾ ਬਿਨਾਂ ਕਿਸੇ ਯੋਜਨਾ ਦੇ ਆਪਣੀ ਇਮੀਗ੍ਰੇਸ਼ਨ ਪ੍ਰਣਾਲੀ ਰਾਹੀਂ ਬਹੁਤ ਸਾਰੇ ਲੋਕਾਂ ਨੂੰ ਲਿਆ ਰਿਹਾ ਹੈ। ਦੱਸਦਈਏ ਕਿ ਪੰਜ 'ਚੋਂ ਚਾਰ ਨਵੇਂ ਆਏ ਲੋਕਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਸਰਕਾਰ ਨੇ ਬਹੁਤ ਸਾਰੇ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਵੀਕਾਰ ਕੀਤਾ ਹੈ ਜਿਨ੍ਹਾਂ ਕੋਲ ਢੁਕਵੀਂ ਰਿਹਾਇਸ਼, ਬੁਨਿਆਦੀ ਢਾਂਚੇ ਜਾਂ ਰੁਜ਼ਗਾਰ ਦੇ ਲੋੜੀਂਦੇ ਮੌਕੇ ਨਹੀਂ ਸਨ। ਕੈਨੇਡਾ ਨੇ 2014 ਤੋਂ 2024 ਤੱਕ 5 ਮਿਲੀਅਨ ਤੋਂ ਵੱਧ ਨਵੇਂ ਆਉਣ ਵਾਲਿਆਂ ਦਾ ਸੁਆਗਤ ਕੀਤਾ ਹੈ। ਦੇਸ਼ ਨੂੰ ਆਪਣਾ ਘਰ ਬਣਾਉਣ ਦੀ ਆਸ ਨਾਲ ਹਰ ਸਾਲ ਲੱਖਾਂ ਪ੍ਰਵਾਸੀ ਕੈਨੇਡਾ ਆਉਂਦੇ ਹਨ।

### ਬੇਰੁਜ਼ਗਾਰੀ ਦੀ ਵਧਦੀ ਦਰ ਤੋਂ ਪ੍ਰੇਸ਼ਾਨ ਇਮੀਗ੍ਰਾਂਟਸ...

ਇਕੱਲੇ 2024 ਦੇ ਪਹਿਲੇ ਨੌਂ ਮਹੀਨਿਆਂ 'ਚ, ਕੈਨੇਡਾ ਨੇ 6,62,000 ਸਥਾਈ ਅਤੇ ਅਸਥਾਈ ਨਿਵਾਸੀਆਂ ਨੂੰ ਸ਼ਾਮਲ ਕੀਤਾ। ਇਮੀਗ੍ਰੇਸ਼ਨ ਪ੍ਰਣਾਲੀ ਤੋਂ ਨਿਰਾਸ਼ਾ ਦੇ ਬਾਵਜੂਦ, ਜ਼ਿਆਦਾਤਰ ਨਵੇਂ ਆਏ ਲੋਕਾਂ ਨੇ ਕੈਨੇਡਾ 'ਚ ਸਮੁੱਚੀ ਖੁਸ਼ੀ ਦੀ ਰਿਪੋਰਟ ਕੀਤੀ। 79% ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਆਪਣੀ ਜੀਵਨ ਦੀ ਗੁਣਵੱਤਾ ਤੋਂ ਸੰਤੁਸ਼ਟ ਸਨ ਅਤੇ ਲਗਭਗ ਤਿੰਨ-ਚੌਥਾਈ ਸਿੱਖਿਆ ਤੱਕ ਪਹੁੰਚ ਅਤੇ ਇੱਕ ਵਧੀਆ ਕੰਮ-ਜੀਵਨ ਸੰਤੁਲਨ ਤੋਂ ਸੰਤੁਸ਼ਟ ਸਨ। ਜ਼ਿਕਰਯੋਗ ਹੈ ਕਿ ਨਵੇਂ ਆਏ ਲੋਕਾਂ ਦੀ ਬੇਰੁਜ਼ਗਾਰੀ ਦਰ ਕੈਨੇਡੀਅਨ ਔਸਤ ਨਾਲੋਂ ਦੁੱਗਣੀ ਹੈ। ਕੰਮ ਕਰਨ ਵਾਲੇ ਨਵੇਂ ਆਏ ਲੋਕਾਂ 'ਚੋਂ 14 ਪ੍ਰਤੀਸ਼ਤ ਬੇਰੁਜ਼ਗਾਰ ਸਨ। ਇਮੀਗ੍ਰਾਂਟਸ ਨੇ ਕਿਹਾ ਕਿ ਉਨ੍ਹਾਂ ਦੇ ਪਿਛਲੇ ਕੰਮ ਦੇ ਤਜਰਬੇ ਨੂੰ ਸਵੀਕਾਰ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਦੀ ਅਕਾਦਮਿਕ ਡਿਗਰੀ ਜਾਂ ਪ੍ਰਮਾਣ ਪੱਤਰ ਕੈਨੇਡਾ 'ਚ ਉਨ੍ਹਾਂ ਦੀ ਨੌਕਰੀ ਦੀ ਖੋਜ 'ਚ ਮਾਨਤਾ ਪ੍ਰਾਪਤ ਨਹੀਂ ਸਨ।

### ਆਪਣੀ ਮੁਹਾਰਤ ਦੇ ਖੇਤਰ 'ਚ ਨਹੀਂ ਮਿਲ ਰਹੀ ਨੌਕਰੀ

ਕਰਮਚਾਰੀਆਂ 'ਚ ਨਵੇਂ ਆਉਣ ਵਾਲੇ 44 ਪ੍ਰਤੀਸ਼ਤ ਨੇ ਕਿਹਾ ਕਿ ਉਹ ਜਾਂ ਤਾਂ ਬੇਰੁਜ਼ਗਾਰ ਸਨ ਜਾਂ ਆਪਣੀ ਮੁਹਾਰਤ ਦੇ ਖੇਤਰ ਤੋਂ ਬਾਹਰ ਕੰਮ ਕਰ ਰਹੇ ਸਨ। ਸੀਬੀਸੀ ਸਰਵੇਖਣ 'ਚ ਪਾਇਆ ਗਿਆ ਹੈ ਕਿ 4 'ਚੋਂ 1 ਨਵੇਂ ਆਏ ਵਿਅਕਤੀ ਆਪਣੀ ਮੁਹਾਰਤ ਦੇ ਖੇਤਰ 'ਚ ਕੰਮ ਕਰਨ ਲਈ ਸੰਘਰਸ਼ ਕਰਦੇ ਹਨ।

ਬਹੁਤ ਸਾਰੇ ਨਵੇਂ ਆਏ ਲੋਕ ਆਪਣੇ ਵਪਾਰ ਦਾ ਅਭਿਆਸ ਨਹੀਂ ਕਰ ਸਕਦੇ ਹਨ, ਇਹ ਇੱਕ ਕਾਰਨ ਹੈ ਕਿ ਕੈਨੇਡਾ 'ਚ ਜੀ7 'ਚ ਸਭ ਤੋਂ ਵੱਧ ਪੜ੍ਹੇ-ਲਿਖੇ ਪਰ ਘੱਟ ਉਤਪਾਦਕ ਕਰਮਚਾਰੀ ਹਨ। 20 ਲੱਖ ਓਨਟਾਰੀਓ ਵਾਸੀਆਂ ਕੋਲ ਪਰਿਵਾਰਕ ਡਾਕਟਰ ਨਹੀਂ ਹਨ। ਜੋ ਇਮੀਗ੍ਰਾਂਟਸ ਆਪਣੇ ਮੁਲਕ 'ਚ ਡਾਕਟਰ ਸਨ ਪਰ ਕੈਨੇਡਾ ਪਹੁੰਚ ਕੇ ਦਵਾਈ ਦਾ ਅਭਿਆਸ ਨਹੀਂ ਕਰ ਸਕਦੇ ਸਨ। ਪੜ੍ਹਾਈ ਕਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਜਲਦੀ ਨੌਕਰੀ ਨਹੀਂ ਮਿਲਦੀ ਅਤੇ ਆਪਣਾ ਕਲੀਨਿਕ ਖੋਲਣ ਨੂੰ ਬਹੁਤ ਸਮਾਂ ਲੱਗ ਜਾਂਦਾ ਹੈ।






# ਅਰਜੇਨਟੀਨਾ ਤੇ ਉਰੂਗਵੇ ਦੇ ਰਾਜਦੂਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹੋਏ ਨਤਮਸਤਕ, ਮੱਥਾ ਟੇਕ ਕੀਤੀ ਅਰਦਾਸ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਸਿੱਧੀ ਸਿਰਫ ਭਾਰਤ ਵਿਚ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿਚ ਹੈ। ਭਾਰਤ ਵਿੱਚ ਅਰਜਨਟੀਨਾ ਦੇ ਰਾਜਦੂਤ ਅਲਬਰਟੋ ਗੁਆਨੀ ਮੰਗਲਵਾਰ ਨੂੰ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ। ਦੋਵਾਂ ਦੇਸ਼ਾਂ ਦੇ ਰਾਜਦੂਤਾਂ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਅਰਦਾਸ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਭਾਰਤੀ ਅਧਿਕਾਰੀ ਵੀ ਮੌਜੂਦ ਸਨ।

ਉਰੁਗਵੇ ਦੇ ਰਾਜਦੂਤ ਅਲਬਰਟੋ ਗੁਆਨੀ ਨੇ ਕਿਹਾ ਕਿ ਉਹ ਪਹਿਲੀ ਵਾਰ ਹਰਿਮੰਦਰ ਸਾਹਿਬ ਆਏ ਹਨ। ਉਨ੍ਹਾਂ ਕਿਹਾ ਕਿ ਉਹ ਇੱਥੇ ਨਵੇਂ ਸਾਲ 'ਤੇ ਸ਼ੁਕਰਾਨਾ ਕਰਨ ਅਤੇ ਭਾਰਤ ਅਤੇ ਉਰੁਗਵੇ ਵਿਚਾਲੇ ਨਜ਼ਦੀਕੀ ਸਬੰਧ ਬਣਾਉਣ ਦੀ ਕੋਸ਼ਿਸ਼ ਕਰਨ ਆਏ ਹਨ।

ਇਸ ਦੇ ਨਾਲ ਹੀ ਭਾਰਤ ਵਿੱਚ ਅਰਜਨਟੀਨਾ ਦੇ ਰਾਜਦੂਤ ਮਾਰੀਆਨੋ ਕਸੀਨੋ ਨੇ ਕਿਹਾ ਕਿ ਅਸੀਂ ਇੱਥੇ ਸਨਮਾਨ ਦੇਣ ਆਏ ਹਾਂ। ਸਾਡੀ ਕਾਮਨਾ ਹੈ ਕਿ ਦੋਹਾਂ ਦੇਸ਼ਾਂ ਦਰਮਿਆਨ ਚੰਗੇ ਸਬੰਧ ਬਣੇ ਰਹਿਣ ਅਤੇ ਭਾਰਤ ਦੇ ਲੋਕ ਹਮੇਸ਼ਾ ਖੁਸ਼ ਅਤੇ ਤੰਦਰੁਸਤ ਰਹਿਣ। ਰਾਜਦੂਤ ਮਾਰੀਆਨੋ ਕਸੀਨੋ ਨੇ ਕਿਹਾ ਕਿ ਉਹ ਵੀ ਪਹਿਲੀ ਵਾਰ ਹਰਿਮੰਦਰ ਸਾਹਿਬ ਗਏ ਹਨ।

ਇਸ ਦੌਰਾਨ ਉਨ੍ਹਾਂ ਨੇ ਦਰਬਾਰ ਸਾਹਿਬ ਕੰਪਲੈਕਸ ਦੀ ਪਰਿਕਰਮਾ ਕੀਤੀ ਅਤੇ ਹਰਿਮੰਦਰ ਸਾਹਿਬ ਬਾਰੇ ਜਾਣਕਾਰੀ ਹਾਸਲ ਕੀਤੀ। ਇੰਨਾ ਹੀ ਨਹੀਂ ਦੋਹਾਂ ਦੇਸ਼ਾਂ ਦੇ ਰਾਜਦੂਤਾਂ ਨੇ ਹਰਿਮੰਦਰ ਸਾਹਿਬ 'ਚ ਤਸਵੀਰਾਂ ਵੀ ਕਲਿੱਕ ਕਰਵਾਈਆਂ।

## ਪੰਜਾਬ 'ਚ ਭਾਜਪਾ ਦੇ 18 ਲੱਖ ਤੋਂ ਘੱਟ ਕੇ 6 ਲੱਖ ਰਹਿ ਗਏ ਮੈਂਬਰ!

ਭਾਜਪਾ ਦੀ ਭਰਤੀ ਮੁਹਿੰਮ ਪੰਜਾਬ 'ਚ ਮੂਧੇ ਮੂੰਹ ਡਿੱਗੀ ਹੈ। ਪਾਰਟੀ ਦੇ ਪਹਿਲਾਂ 18 ਲੱਖ ਸਰਗਰਮ ਮੈਂਬਰ ਸੀ ਜਿਹਨਾਂ ਦੀ ਗਿਣਤੀ ਘੱਟ ਦੇ 6 ਲੱਖ ਰਹਿ ਗਈ ਹੈ ਜਦੋਂ ਕਿ ਪਾਰਟੀ ਨੇ 30 ਲੱਖ ਮੈਂਬਰ ਭਰਤੀ ਕਰਨ ਦਾ ਟੀਚਾ ਰੱਖਿਆ ਸੀ। 'ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਭਰਤੀ ਦਾ ਟੀਚਾ ਪੂਰਾ ਨਾ ਹੋਣ ਕਾਰਣ ਪਾਰਟੀ ਨੇ ਪੰਜਾਬ 'ਚ ਭਾਜਪਾ ਦੀਆਂ ਜਥੇਬੰਦਕ ਚੋਣਾਂ ਟਾਲ ਦਿੱਤੀਆਂ ਹਨ ਤੇ ਅਗਲੀਆਂ ਚੋਣਾਂ ਹੋਣ ਤੱਕ ਸੁਨੀਲ ਜਾਖੜ ਹੀ ਪਾਰਟੀ ਦੇ ਸੂਬਾ ਪ੍ਰਧਾਨ ਬਣੇ ਰਹਿਣਗੇ ਬਸ਼ਰਤੇ ਕਿ ਪਾਰਟੀ ਕਿਸੇ ਹੋਰ ਨੂੰ ਇਸ ਅਹੁਦੇ 'ਤੇ ਨਿਯੁਕਤ ਨਾ ਕਰੇ। ਭਰਤੀ ਦਾ 30 ਲੱਖ ਦਾ ਟੀਚਾ ਪੂਰਾ ਹੋਣ ਦੀ ਥਾਂ ਉਲਟਾ ਪਾਰਟੀ ਦੀ ਭਰਤੀ ਮੈਂਬਰਸ਼ਿਪ 18 ਲੱਖ ਤੋਂ ਘੱਟ ਕੇ 6 ਲੱਖ ਰਹਿ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਪੰਜਾਬ 'ਚ ਨਿਰੰਤਰ ਚਲਦੇ ਕਿਸਾਨ ਅੰਦੋਲਨ ਵੀ ਭਰਤੀ ਮੁਹਿੰਮ ਨੂੰ ਸੱਟ ਮਾਰਨ ਵਿਚ ਸਫਲ ਰਹੇ ਹਨ। ਪੰਜਾਬ ਤੋਂ ਇਲਾਵਾ ਪਾਰਟੀ ਨੇ ਮਹਾਰਾਸ਼ਟਰ ਤੇ ਝਾਰਖੰਡ ਜਿਥੇ ਪਹਿਲਾਂ ਵਿਧਾਨ ਸਭਾ ਚੋਣਾਂ ਹੋਈਆਂ ਹਨ, ਦਿੱਲੀ ਜਿਥੇ ਹੁਣ ਚੋਣਾਂ ਹੋ ਰਹੀਆਂ ਹਨ ਤੇ ਮਣੀਪੁਰ ਜਿਥੇ ਹਾਲਾਤ ਬਹੁਤ ਗੜਬੜ ਵਾਲੇ ਹਨ, ਵਿਚ ਵੀ ਜਥੇਬੰਦਕ ਚੋਣਾਂ ਟਾਲ ਦਿੱਤੀਆਂ ਹਨ।

# ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਦੇਰ ਰਾਤ ਅਚਾਨਕ ਵਿਗੜੀ ਸਿਹਤ



ਸੰਗਰੂਰ : ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਦੇਰ ਰਾਤ ਅਚਾਨਕ ਤਬੀਅਤ ਵਿਗੜ ਗਈ। ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਘੱਟ ਗਿਆ ਸੀ। ਮੁੱਢਲੀ ਸਹਾਇਤਾ ਤੋਂ ਬਾਅਦ ਬਲੱਡ ਪ੍ਰੈੱਸ਼ਰ ਨਾਰਮਲ ਹੋ ਗਿਆ ਹੈ। ਡਾਕਟਰਾਂ ਦਾ ਕਹਿਣਾ ਕਿਸੇ ਵੇਲੇ ਕੁਝ ਵੀ ਹੋ ਸਕਦਾ ਹੈ।

ਡਾਕਟਰਾਂ ਨੇ ਭਾਵੇਂ ਉਨ੍ਹਾ ਦੀ ਹਾਲਤ ਨੂੰ ਦੇਖਦਿਆਂ ਨੇੜੇ ਹੀ ਇੱਕ ਆਰਜ਼ੀ ਹਪਤਾਲ ਬਣਾਇਆ ਹੋਇਆ ਹੈ ਅਤੇ ਕਿਸੇ ਵੀ ਐਮਰਜੈਂਸੀ ਲਈ ਇੱਕ ਐਂਬੂਲੈਂਸ ਵੀ ਖੜੀ ਹੈ ਪਰ ਉਨ੍ਹਾਂ ਨੂੰ ਇੱਥੋਂ ਡਾਕਰਟਰੀ ਸਹਾਇਤਾ ਲਈ ਕਿਸਾਨ ਨੇਤਾਵਾਂ ਦੀ ਆਗਿਆ ਤੋਂ ਬਿਨਾਂ ਲੈ ਕੇ ਜਾਣਾ ਸੰਭਵ ਨਹੀਂ ਹੈ।

ਡੱਲੇਵਾਲ ਨੇ ਆਪਣੀ ਹਾਲਤ ਵਿਗੜਣ ਤੋਂ ਪਹਿਲਾਂ ਸੁਪਰੀਮ ਕੋਰਟ ਵੱਲੋਂ ਨਿਯੁਕਤ ਕੀਤੀ ਹਾਈ ਪਾਵਰ ਕਮੇਟੀ ਨਾਲ ਵੀ ਅੱਜ ਗੱਲਬਾਤ ਕੀਤੀ ਸੀ।

ਕਮੇਟੀ ਨੇ ਜਗਜੀਤ ਸਿੰਘ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਲੈਣ ਲਈ ਕਿਹਾ ਸੀ ਪਰ ਉਨ੍ਹਾ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ।

# ਸਲਮਾਨ ਖਾਨ ਦੇ ਘਰ ਦੀ ਬਾਲਕਨੀ 'ਚ ਲੱਗੇ ਬੁਲੇਟਪਰੂਫ ਸ਼ੀਸ਼ੇ, ਸੁਰੱਖਿਆ ਦੇ ਹੋਏ ਪੱਕੇ ਇੰਤਜ਼ਾਮ







ਸਾਲ 2024 ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਲਈ ਬਹੁਤ ਡਰਾਉਣਾ ਰਿਹਾ। ਅਪ੍ਰੈਲ ਵਿਚ ਗਲੈਕਸੀ 'ਤੇ ਗੋਲੀਬਾਰੀ ਅਤੇ ਫਿਰ ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ਉਸ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ, ਜਿਸ ਨੇ ਨਾ ਸਿਰਫ ਅਦਾਕਾਰ ਨੂੰ ਸਗੋਂ ਉਸ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਨੂੰ ਵੀ ਹੈਰਾਨ ਕਰ ਦਿੱਤਾ ਸੀ। ਅਦਾਕਾਰ ਆਪਣੇ ਘਰ ਦੀ ਬਾਲਕਨੀ ਵਿੱਚ ਵੀ ਨਹੀਂ ਆ ਰਿਹਾ ਸੀ। ਪਰ ਹੁਣ ਸ਼ਾਇਦ ਪ੍ਰਸ਼ੰਸਕਾਂ ਨੂੰ ਈਦ ਦੇ ਮੌਕੇ 'ਤੇ ਉਸ ਦਾ ਦੀਦਾਰ ਹੋ ਸਕੇਗਾ ਕਿਉਂਕਿ ਉਸਲਸ ਦੇ ਘਰ ਨੂੰ ਬੁਲੇਟਪਰੂਫ ਬਣਾ ਦਿੱਤਾ ਗਿਆ ਹੈ। ਸਲਮਾਨ ਖਾਨ ਦੇ ਗਲੈਕਸੀ ਅਪਾਰਟਮੈਂਟ ਦੇ ਬਾਹਰ ਰੈਨੋਵੇਸ਼ਨ ਦਾ ਕੰਮ ਚੱਲ ਰਿਹਾ ਸੀ। ਹੁਣ ਉਹ ਕੰਮ ਇੱਕ ਤਰ੍ਹਾਂ ਨਾਲ ਪੂਰਾ ਹੁੰਦਾ ਨਜ਼ਰ ਆ ਰਿਹਾ ਹੈ। ਅਦਾਕਾਰ ਦੀ ਬਾਲਕਨੀ 'ਤੇ ਬੁਲੇਟਪਰੂਫ ਗਲਾਸ ਲਗਾਇਆ ਗਿਆ ਹੈ। ਉਸ ਦੀ ਬਾਲਕੋਨੀ ਨੂੰ ਢੱਕ ਦਿੱਤਾ ਗਿਆ ਹੈ, ਜਿਸ ਕਾਰਨ ਗੋਲੀ ਉਸ ਵਿੱਚੋਂ ਨਹੀਂ ਲੰਘ ਸਕੇਗੀ ਅਤੇ ਉਹ ਖਾਸ ਮੌਕਿਆਂ 'ਤੇ ਪ੍ਰਸ਼ੰਸਕਾਂ ਦੇ ਰੂ-ਬ-ਰੂ ਹੋ ਸਕੇਗਾ।

ਸਲਮਾਨ ਖਾਨ ਅੱਜਕਲ੍ਹ ਆਪਣੀ ਆਉਣ ਵਾਲੀ ਫਿਲਮ 'ਸਿਕੰਦਰ' ਦੀ ਸ਼ੂਟਿੰਗ 'ਚ ਰੁਝਿਆ ਹੋਇਆ ਹੈ, ਜੋ ਈਦ ਦੇ ਮੌਕੇ 'ਤੇ ਰਿਲੀਜ਼ ਹੋਵੇਗੀ। ਇਸ 'ਚ ਉਹ ਰਸ਼ਮਿਕਾ ਮੰਡਨਾ ਨਾਲ ਨਜ਼ਰ ਆਵੇਗਾ। ਉਸ ਕੋਲ 'ਬਿੱਗ ਬੌਸ 18' ਦੀ ਮੇਜ਼ਬਾਨੀ ਦਾ ਕੰਮ ਵੀ ਹੈ। ਉਸ ਨੂੰ ਮਹਾਰਾਸ਼ਟਰ ਸਰਕਾਰ ਤੋਂ + ਸੁਰੱਖਿਆ ਮਿਲੀ ਹੈ। ਨਾਲ ਹੀ ਬਾਬਾ ਸਿੱਦੀਕੀ ਦਾ ਕਤਲ ਹੋਣ ਤੋਂ ਬਾਅਦ ਇਸ ਵਿਚ ਇਕ ਹੋਰ ਘੇਰਾ ਵਧਾਇਆ ਗਿਆ ਸੀ।

ਸਲੀਮ ਖਾਨ ਨੇ ਇੰਟਰਵਿਊ 'ਚ ਦੱਸਿਆ ਸੀ ਕਿ ਅਪ੍ਰੈਲ 2024 'ਚ ਗੋਲੀਬਾਰੀ ਦੀ ਘਟਨਾ ਅਤੇ ਧਮਕੀਆਂ ਤੋਂ ਬਾਅਦ ਮੁੰਬਈ ਪੁਲਿਸ ਨੇ ਸਾਵਧਾਨੀ ਦੇ ਤੌਰ 'ਤੇ ਅਭਿਨੇਤਾ ਨੂੰ ਬਾਲਕਨੀ ਅਤੇ ਖਿੜਕੀਆਂ ਵੱਲ ਜਾਣ ਤੋਂ ਮਨ੍ਹਾ ਕਰ ਦਿੱਤਾ ਸੀ। ਪਰਿਵਾਰ ਵਾਲਿਆਂ ਨੂੰ ਵੀ ਅਜਿਹਾ ਕਰਨ ਲਈ ਕਿਹਾ ਗਿਆ, ਪਰ ਉਸਨੇ ਇਸ ਨੂੰ ਹੱਲ ਕੀਤਾ ਅਤੇ ਘਰ ਨੂੰ ਬੁਲੇਟਪਰੂਫ ਬਣਾ ਦਿੱਤਾ।

# ਸੁਪਰੀਮ ਕੋਰਟ ਨੇ ਇਹਨਾਂ ਸ਼ਰਤਾਂ 'ਤੇ ਦਿੱਤੀ ਆਸਾਰਾਮ ਬਾਪੂ ਨੂੰ ਅੰਤਰਿਮ ਜ਼ਮਾਨਤ



ਨਵੀਂ ਦਿੱਲੀ : ਸੁਪਰੀਮ ਕੋਰਟ ਨੇ 2013 ਦੇ ਬਲਾ-ਤਕਾਰ ਮਾਮਲੇ 'ਚ ਆਸਾਰਾਮ ਨੂੰ ਜ਼ਮਾਨਤ ਦੇ ਹੀ ਦਿੱਤੀ। ਉਨ੍ਹਾਂ ਨੂੰ 31 ਮਾਰਚ ਤਕ ਅੰਤਰਿਮ ਜ਼ਮਾਨਤ ਮਿਲ ਗਈ ਹੈ। ਆਸਾਰਾਮ ਨੇ ਸਿਹਤ ਦਾ ਹਵਾਲਾ ਦਿੰਦੇ ਹੋਏ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ।

ਸੁਪਰੀਮ ਕੋਰਟ ਨੇ ਕੁਝ ਸ਼ਰਤਾਂ 'ਤੇ ਜਮਾਨਤ ਦਿੱਤੀ ਹੈ, ਜਿਨ੍ਹਾਂ ਦੀ ਪਾਲਣਾ ਆਸਾਰਾਮ ਨੂੰ ਕਰਨੀ ਹੋਵੇਗੀ। ਸੁਪਰੀਮ ਕੋਰਟ ਨੇ ਚਿਤਾਵਨੀ ਦਿੱਤੀ ਕਿ ਆਸਾਰਾਮ ਆਪਣੀ ਜ਼ਮਾਨਤ ਦੌਰਾਨ ਕਿਸੇ ਵੀ ਪੈਰੋਕਾਰ ਨੂੰ ਨਹੀਂ ਮਿਲਣਗੇ। ਇਸ ਦੌਰਾਨ ਸਬੂਤਾਂ ਨਾਲ ਛੇੜਛਾੜ ਨਹੀਂ ਹੋਣੀ ਚਾਹੀਦੀ।

ਇਹ ਹੁਕਮ ਜਾਰੀ ਕਰਦਿਆਂ ਜਸਟਿਸ ਐਮਐਮ ਸੁੰਦਰੇਸ਼ ਤੇ ਜਸਟਿਸ ਰਾਜੇਸ਼ ਬਿੰਦਲ ਦੀ ਬੈਂਚ ਨੇ ਨਿਰਦੇਸ਼ ਦਿੱਤਾ ਕਿ ਆਸਾਰਾਮ ਦੀ ਸੁਰੱਖਿਆ ਲਈ ਤਿੰਨ ਪੁਲਿਸ ਮੁਲਾਜ਼ਮ ਮੌਜੂਦ ਰਹਿਣਗੇ। 31 ਮਾਰਚ ਤਕ ਦੀ ਅੰਤਰਿਮ ਜ਼ਮਾਨਤ ਦੌਰਾਨ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇ ਕਿ ਉਹ ਸਬੂਤਾਂ ਨਾਲ ਛੇੜਛਾੜ ਦੀ ਕੋਸ਼ਿਸ਼ ਨਹੀਂ ਕਰੇਗਾ। ਉਹ ਆਪਣੇ ਪੈਰੋਕਾਰਾਂ ਨੂੰ ਇਕੱਠੇ ਨਹੀਂ ਮਿਲ ਸਕੇਗਾ। ਦੱਸ ਦੇਈਏ ਕਿ ਆਸਾਰਾਮ ਗੁਜਰਾਤ 'ਚ ਦਰਜ ਇਕ ਜਬਰ ਜਨਾਹ ਦੇ ਮਾਮਲੇ 'ਚ ਉਮਰਕੈਦ ਦੀ ਸਜ਼ਾ ਕੱਟ ਰਹੇ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ 'ਚ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਰਾਜਸਥਾਨ 'ਚ ਵੀ ਉਨ੍ਹਾਂ 'ਤੇ ਜਬਰ ਜਨਾਹ ਦਾ ਅਜਿਹਾ ਹੀ ਮਾਮਲਾ ਦਰਜ ਹੈ। ਉਹ ਇਸ ਮਾਮਲੇ 'ਚ ਹਿਰਾਸਤ 'ਚ ਹਨ।

# ਵਿਵਾਦਾਂ 'ਚ ਘਿਰੀ ਅੰਬਾਲਾ ਦੀ ਮਸ਼ਹੂਰ ਅਦਾਕਾਰਾ, ਇਤਰਾਜ਼ਯੋਗ ਵੀਡੀਓ ਵਾਇਰਲ!



ਮੂਲ ਰੂਪ ਤੋਂ ਅੰਬਾਲਾ ਦੀ ਰਹਿਣ ਵਾਲੀ ਮਸ਼ਹੂਰ ਅਦਾਕਾਰਾ ਪ੍ਰਗਿਆ ਨਾਗਰਾ ਵਿਵਾਦਾਂ ਵਿੱਚ ਘਿਰ ਗਈ ਹੈ। ਜਾਣਕਾਰੀ ਮੁਤਾਬਕ ਅਦਾਕਾਰਾ ਦੀ ਇੱਕ ਨਿੱਜੀ ਵੀਡੀਓ ਲੀਕ ਹੋਈ ਹੈ, ਜਿਸ ਵਿੱਚ ਉਹ ਇਤਰਾਜ਼ਯੋਗ ਹਾਲਤ ਵਿੱਚ ਦੱਸੀ ਜਾ ਰਹੀ ਹੈ। ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਵੀਡੀਓ 'ਚ ਨਜ਼ਰ ਆ ਰਹੀ ਔਰਤ ਅਸਲ 'ਚ ਪ੍ਰਗਿਆ ਨਾਗਰਾ ਹੈ ਜਾਂ ਨਹੀਂ ਪਰ ਸੋਸ਼ਲ ਮੀਡੀਆ ਉਤੇ ਉਨ੍ਹਾਂ ਦੇ ਨਾਮ ਵੀਡੀਓ ਵਾਇਰਲ ਹੋ ਰਿਹਾ ਹੈ। ਹਾਲਾਂਕਿ, ਸਾਡਾ ਚੈਨਲ ਵੀਡੀਓ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਕਰਦਾ ਹੈ। ਫਿਲਹਾਲ, ਪ੍ਰਗਿਆ ਨਾਗਰਾ ਨੇ ਲੀਕ ਹੋਏ ਵੀਡੀਓ ਦੀ ਪ੍ਰਮਾਣਿਕਤਾ ਨੂੰ ਲੈ ਕੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ। ਪ੍ਰਗਿਆ ਨਗਾਰਾ ਮਲਿਆਲਮ ਫਿਲਮ ਇੰਡਸਟਰੀ ਦੀ ਇੱਕ ਮਸ਼ਹੂਰ ਅਦਾਕਾਰਾ ਹੈ। ਉਸ ਦਾ ਜਨਮ ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਵਿੱਚ ਇੱਕ ਪੰਜਾਬੀ ਪਰਿਵਾਰ ਵਿੱਚ ਹੋਇਆ ਸੀ। ਉਸਨੇ ਮਾਡਲਿੰਗ ਵਿੱਚ ਆਪਣਾ ਕਰੀਅਰ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਸਕੂਲੀ ਅਤੇ ਕਾਲਜ ਦੀ ਪੜ੍ਹਾਈ ਦਿੱਲੀ ਵਿੱਚ ਪੂਰੀ ਕੀਤੀ। ਬਾਅਦ ਵਿੱਚ, ਉਸਨੇ ਦੱਖਣ ਫਿਲਮ ਉਦਯੋਗ ਵਿੱਚ ਪ੍ਰਵੇਸ਼ ਕੀਤਾ। ਉਸ ਨੂੰ ਹਾਲ ਹੀ ਵਿੱਚ ਅਕਤੂਬਰ 2024 ਵਿੱਚ ਰਿਲੀਜ਼ ਹੋਈ ਤੇਲਗੂ ਫਿਲਮ ਲਗਮ ਵਿੱਚ ਦੇਖਿਆ ਗਿਆ ਸੀ। ਫਿਲਮ ਵਿੱਚ ਸਾਈ ਰੌਨਕ, ਰਾਜੇਂਦਰ ਪ੍ਰਸਾਦ, ਰੋਹਿਣੀ, ਵਡਲਮਣੀ ਸ਼੍ਰੀਨਿਵਾਸ, ਰਘੂ ਬਾਬੂ, ਐਲਬੀ ਸ਼੍ਰੀਰਾਮ, ਸਪਤਗਿਰੀ, ਕ੍ਰਿਸ਼ਨਾਦੂ ਅਤੇ ਰਚਾ ਰਵੀ ਸਮੇਤ ਹੋਰ ਕਲਾਕਾਰ ਵੀ ਸਨ। ਅਭਿਨੇਤਰੀ ਨੇ ਕਈ ਦੱਖਣ ਭਾਸ਼ਾਵਾਂ ਦੀਆਂ ਫਿਲਮਾਂ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾ ਕੇ ਇੱਕ ਖਾਸ ਪਛਾਣ ਬਣਾਈ ਹੈ।

# ਔਰਤ ਦੀ ਸਰੀਰਕ ਬਣਤਰ 'ਤੇ ਟਿਪਣੀ ਕਰਨਾ ਜਿਨਸੀ ਸ਼ੋਸ਼ਣ ਦੇ ਬਰਾਬਰ : ਕੇਰਲ ਹਾਈ ਕੋਰਟ




ਕੇਰਲ ਹਾਈ ਕੋਰਟ ਨੇ ਕਿਹਾ ਹੈ ਕਿ ਕਿਸੇ ਔਰਤ ਦੀ 'ਸਰੀਰਕ ਬਣਤਰ' 'ਤੇ ਟਿਪਣੀ ਕਰਨਾ ਜਿਨਸੀ ਤੌਰ 'ਤੇ ਪ੍ਰੇਰਿਤ ਟਿਪਣੀ ਹੈ, ਜੋ ਜਿਨਸੀ ਸ਼ੋਸ਼ਣ ਦੇ ਤਹਿਤ ਸਜ਼ਾਯੋਗ ਅਪਰਾਧ ਦੇ ਬਰਾਬਰ ਹੋਵੇਗੀ। ਜਸਟਿਸ ਏ. ਬਦਰੂਦੀਨ ਨੇ ਇਸ ਸਬੰਧ 'ਚ ਕੇਰਲ ਰਾਜ ਬਿਜਲੀ ਬੋਰਡ (ਕੇ.ਐਸ.ਈ.ਬੀ.) ਦੇ ਸਾਬਕਾ ਕਰਮਚਾਰੀ ਦੀ ਪਟੀਸ਼ਨ ਨੂੰ ਰੱਦ ਕਰਦੇ ਹੋਏ ਇਹ ਫ਼ੈਸਲਾ ਦਿਤਾ ਹੈ। ਪਟੀਸ਼ਨ ਵਿਚ ਦੋਸ਼ੀ ਨੇ ਉਸੇ ਸੰਸਥਾ ਦੀ ਇਕ ਮਹਿਲਾ ਕਰਮਚਾਰੀ ਦੁਆਰਾ ਉਸਦੇ ਵਿਰੁਧ ਦਰਜ ਕੀਤੇ ਜਿਨਸੀ ਸ਼ੋਸ਼ਣ ਦੇ ਕੇਸ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਸੀ।

ਔਰਤ ਨੇ ਦੋਸ਼ ਲਗਾਇਆ ਸੀ ਕਿ ਦੋਸ਼ੀ 2013 ਤੋਂ ਉਸ ਵਿਰੁਧ ਅਪਸ਼ਬਦ ਬੋਲ ਰਿਹਾ ਸੀ ਅਤੇ ਫਿਰ 2016-17 'ਚ ਉਸ ਨੇ ਇਤਰਾਜ਼ਯੋਗ ਸੰਦੇਸ਼ ਅਤੇ ਵਾਇਸ ਕਾਲਾਂ ਭੇਜਣੀਆਂ ਸ਼ੁਰੂ ਕਰ ਦਿਤੀਆਂ। ਉਸਨੇ ਦਾਅਵਾ ਕੀਤਾ ਸੀ ਕਿ ਕੇਐਸਈਬੀ ਅਤੇ ਪੁਲਿਸ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ, ਉਹ ਉਸਨੂੰ ਇਤਰਾਜ਼ਯੋਗ ਸੰਦੇਸ਼ ਭੇਜਦਾ ਰਿਹਾ।

ਉਸ ਦੀਆਂ ਸ਼ਿਕਾਇਤਾਂ ਤੋਂ ਬਾਅਦ, ਦੋਸ਼ੀ 'ਤੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 354ਏ (ਜਿਨਸੀ ਪਰੇਸ਼ਾਨੀ) ਅਤੇ 509 (ਔਰਤ ਦੀ ਇੱਜ਼ਤ ਨੂੰ ਅਪਮਾਨਜਨਕ) ਅਤੇ ਕੇਰਲ ਪੁਲਿਸ ਐਕਟ ਦੀ ਧਾਰਾ 120 (ੳ) (ਅਣਚਾਹੇ ਕਾਲਾਂ, ਚਿੱਠੀਆਂ, ਲਿਖਤੀ ਸੰਚਾਰ ਦੇ ਕਿਸੇ ਵੀ ਸਾਧਨ ਦੀ ਵਰਤੋਂ ਕਰਕੇ ਪਰੇਸ਼ਾਨ ਕਰਨਾ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ।

ਕੇਸ ਨੂੰ ਰੱਦ ਕਰਨ ਦੀ ਮੰਗ ਕਰਦੇ ਹੋਏ, ਦੋਸ਼ੀ ਨੇ ਦਾਅਵਾ ਕੀਤਾ ਕਿ ਕਿਸੇ ਦੇ ਸੁੰਦਰ ਸਰੀਰ 'ਤੇ ਟਿਪਣੀ ਕਰਨਾ ਆਈਪੀਸੀ ਦੀ ਧਾਰਾ 354 ਏ ਅਤੇ 509 ਅਤੇ ਕੇਰਲ ਪੁਲਿਸ ਐਕਟ ਦੀ ਧਾਰਾ 120 (ੳ) ਦੇ ਤਹਿਤ ਜਿਨਸੀ ਟਿੱਪਣੀਆਂ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ ਹੈ। ਉਸੇ ਸਮੇਂ, ਇਸਤਗਾਸਾ ਪੱਖ ਅਤੇ ਔਰਤ ਨੇ ਦਲੀਲ ਦਿਤੀ ਕਿ ਦੋਸ਼ੀ ਦੀਆਂ ਫ਼ੋਨ ਕਾਲਾਂ ਅਤੇ ਸੰਦੇਸ਼ਾਂ ਵਿਚ ਅਸ਼ਲੀਲ ਟਿਪਣੀਆਂ ਸਨ, ਜਿਨ੍ਹਾਂ ਦਾ ਉਦੇਸ਼ ਪੀੜਤ ਨੂੰ ਪਰੇਸ਼ਾਨ ਕਰਨਾ ਅਤੇ ਉਸ ਦੀ ਇੱਜ਼ਤ ਨੂੰ ਠੇਸ ਪਹੁੰਚਾਉਣਾ ਸੀ।

ਇਸਤਗਾਸਾ ਪੱਖ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ, ਕੇਰਲ ਹਾਈ ਕੋਰਟ ਨੇ 6 ਜਨਵਰੀ ਦੇ ਅਪਣੇ ਹੁਕਮ ਵਿਚ ਕਿਹਾ ਕਿ ਭਾਰਤੀ ਦੰਡ ਸੰਹਿਤਾ ਦੀ ਧਾਰਾ 354 ਏ ਅਤੇ 509 ਅਤੇ ਕੇਰਲ ਪੁਲਿਸ ਐਕਟ ਦੀ ਧਾਰਾ 120 (ੳ) ਦੇ ਤਹਿਤ ਕਿਸੇ ਅਪਰਾਧ ਲਈ ਲੋੜੀਂਦੇ ਤੱਤ "ਦਿਖਾਈ ਦਿੰਦੇ ਹਨ"।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
Jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

## ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ

# ਮੁੱਖ ਮੰਤਰੀ ਦੀ ਕੋਠੀ ਵੱਲ ਜਾਂਦੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ



ਐੱਸਏਐੱਸ ਨਗਰ (ਮੁਹਾਲੀ) : ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਮਾਮਲਿਆਂ 'ਤੇ ਕੌਮੀ ਇਨਸਾਫ਼ ਮੋਰਚੇ ਵੱਲੋਂ ਮੁਹਾਲੀ-ਚੰਡੀਗੜ੍ਹ ਦੀ ਹੱਦ 'ਤੇ ਵਾਈਪੀਐੱਸ ਚੌਕ ਨੇੜੇ ਲਾਏ ਪੱਕੇ ਮੋਰਚੇ ਦੇ ਦੋ ਸਾਲ ਪੂਰੇ ਹੋਣ 'ਤੇ ਅੱਜ ਇੱਥੇ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਇੱਥੇ ਪੁੱਜੇ ਨਿਹੰਗ ਸਿੰਘਾਂ, ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਤੇ ਆਮ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਕੋਠੀ ਵੱਲ ਮਾਰਚ ਕਰਨ ਦਾ ਯਤਨ ਕੀਤਾ ਤਾਂ ਪੁਲੀਸ ਨੇ ਉਨ੍ਹਾਂ ਨੂੰ ਰਾਹ ਵਿੱਚ ਹੀ ਰੋਕ ਲਿਆ। ਚੰਡੀਗੜ੍ਹ ਪੁਲੀਸ ਵੱਲੋਂ ਪ੍ਰਦਰਸ਼ਨਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਵੀ ਸੁੱਟੇ ਗਏ, ਜਿਸ ਕਾਰਨ ਬੀਬੀਆਂ, ਬਜ਼ੁਰਗਾਂ ਤੇ ਬੱਚਿਆਂ ਸਣੇ ਕਈ ਲੋਕ ਜ਼ਖ਼ਮੀ ਹੋ ਗਏ। ਇਸ ਦੌਰਾਨ, ਹਾਲਾਂਕਿ ਮੁਹਾਲੀ ਤੇ ਚੰਡੀਗੜ੍ਹ ਪੁਲੀਸ ਨੇ ਭੀੜ ਨੂੰ ਅੱਗੇ ਵਧਣ ਤੋਂ ਰੋਕਣ ਲਈ ਜ਼ਬਰਦਸਤ ਬੈਰੀਕੇਡਿੰਗ ਕੀਤੀ ਹੋਈ ਸੀ ਪਰ ਇਸ ਦੇ ਬਾਵਜੂਦ ਕੁੱਝ ਪ੍ਰਦਰਸ਼ਨਕਾਰੀਆਂ ਨੇ ਪੁਲੀਸ ਨੂੰ ਝਕਾਨੀ ਦੇ ਕੇ ਐੱਸਐੱਸਪੀ ਦੀ ਸਰਕਾਰੀ ਰਿਹਾਇਸ਼ ਵਾਲੇ ਪਾਸਿਓਂ ਚੰਡੀਗੜ੍ਹ ਵਿੱਚ ਦਾਖ਼ਲ ਹੋਣ ਦਾ ਯਤਨ ਕੀਤਾ ਅਤੇ ਉਨ੍ਹਾਂ ਦੀ ਪੁਲੀਸ ਨਾਲ ਖਿੱਚਧੂਹ ਵੀ ਹੋਈ। ਇਸ ਮਗਰੋਂ ਭੀੜ ਨੂੰ ਖਦੇੜਨ ਲਈ ਪੁਲੀਸ ਨੇ ਲਾਠੀਚਾਰਜ ਕੀਤਾ, ਜਿਸ ਕਾਰਨ ਕਈ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਇਸ ਦੌਰਾਨ ਕੌਮੀ ਇਨਸਾਫ਼ ਮੋਰਚੇ ਦੇ ਕਨਵੀਨਰ ਬਾਪੂ ਗੁਰਚਰਨ ਸਿੰਘ, ਬਲਵਿੰਦਰ ਸਿੰਘ ਫ਼ਿਰੋਜ਼ਪੁਰ, ਕਿਸਾਨ ਆਗੂ ਸੁੱਖਾ ਗਿੱਲ ਮੋਗਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਕਰਨੈਲ ਸਿੰਘ ਪੰਜੋਲੀ, ਗੁਰਦੀਪ ਸਿੰਘ ਬਠਿੰਡਾ, ਕਾਸਕਰ ਸਿੰਘ ਕਾਹਨਸਿੰਘਵਾਲਾ, ਬਲਜੀਤ ਸਿੰਘ ਭਾਊ, ਗੁਰਜੰਟ ਸਿੰਘ, ਬਲਵਿੰਦਰ ਸਿੰਘ ਕਾਲਾ ਪ੍ਰਮੁੱਖ ਆਗੂਆਂ ਸਣੇ ਕਰੀਬ 60 ਵਿਅਕਤੀਆਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਤੇ ਸ਼ਾਮ ਸਮੇਂ ਰਿਹਾਅ ਕਰ ਦਿੱਤਾ। ਇਸ ਮੌਕੇ ਬਾਪੂ ਰਾਏ ਰਾਜ ਸਿੰਘ, ਕੁਲਵਿੰਦਰ ਸਿੰਘ ਅਤੇ ਹੋਰਾਂ ਨੇ ਕਿਹਾ ਕਿ ਕੇਂਦਰ ਅਤੇ ਸੂਬੇ ਦੇ ਹੁਕਮਰਾਨ ਇਨਸਾਫ਼ ਪਸੰਦ ਲੋਕਾਂ 'ਤੇ ਜ਼ੁਲਮ ਢਾਹ ਰਹੇ ਹਨ। ਅੱਜ ਧੱਕੇਸ਼ਾਹੀ ਅਤੇ ਜਬਰ ਦੀ ਉਦੋਂ ਹੱਦ ਪਾਰ ਹੋ ਗਈ, ਜਦੋਂ ਭੀੜ ਨੂੰ ਖਦੇੜਨ ਲਈ ਪੁਲੀਸ ਇਹ ਵੀ ਭੁੱਲ ਗਈ ਕਿ ਜਿੱਥੇ ਉਹ ਅੱਥਰੂ ਗੈਸ ਦੇ ਗੋਲੇ ਸੁੱਟ ਰਹੇ ਹਨ, ਉੱਥੇ ਖੁੱਲ੍ਹੇ ਪੰਡਾਲ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਆਗੂਆਂ ਨੇ ਕਿਹਾ ਕਿ ਜੇ ਬੰਦੀ ਸਿੱਖਾਂ ਦੀ ਰਿਹਾਈ ਅਤੇ ਹੋਰ ਜਾਇਜ਼ ਮਸਲਿਆਂ ਦਾ ਹੱਲ ਨਾ ਕੀਤਾ ਗਿਆ ਤਾਂ ਜਲਦੀ ਹੀ ਸਾਰਿਆਂ ਦੀ ਰਾਇ ਲੈ ਕੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।

# ਆਸਟਰੇਲੀਆ 'ਚ ਸੀਪਲੇਨ ਦੇ ਹਾਦਸਾਗ੍ਰਸਤ ਹੋਣ ਕਾਰਨ 3 ਸੈਲਾਨੀਆਂ ਦੀ ਮੌਤ, 3 ਹੋਰ ਜ਼ਖ਼ਮੀ



ਆਸਟਰੇਲੀਅਨ ਟੂਰਿਸਟ ਟਾਪੂ ਤੋਂ ਉਡਾਣ ਭਰਨ ਦੌਰਾਨ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਸਵਿਸ ਅਤੇ ਡੈਨਿਸ਼ ਸੈਲਾਨੀਆਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦਸਿਆ ਕਿ ਰੋਟਨੇਸਟ ਟਾਪੂ 'ਤੇ ਮੰਗਲਵਾਰ ਦੁਪਹਿਰ ਨੂੰ ਹੋਏ ਹਾਦਸੇ ਵਿਚ ਜਹਾਜ਼ ਸਵਾਰ ਸੱਤ ਵਿਅਕਤੀਆਂ ਵਿਚੋਂ ਸਿਰਫ਼ ਇਕ ਨੂੰ ਬਿਨਾਂ ਸੱਟ ਤੋਂ ਬਚਾਇਆ ਗਿਆ। ਸਵਾਨ ਰਿਵਰ ਸੀਪਲੇਨ ਦੀ ਮਲਕੀਅਤ ਵਾਲਾ ਜਹਾਜ਼ ਰੋਟਨੇਸਟ ਟਾਪੂ ਤੋਂ 30 ਕਿਲੋਮੀਟਰ ਪੂਰਬ ਵਿਚ ਪਛਮੀ ਆਸਟਰੇਲੀਆ ਰਾਜ ਦੀ ਰਾਜਧਾਨੀ ਪਰਥ ਵਿਚ ਅਪਣੇ ਬੇਸ 'ਤੇ ਵਾਪਸ ਆ ਰਿਹਾ ਸੀ।

ਪਛਮੀ ਆਸਟਰੇਲੀਅਨ ਪ੍ਰੀਮੀਅਰ ਰੋਜਰ ਕੁੱਕ ਨੇ ਦਸਿਆ ਕਿ ਮਰਨ ਵਾਲਿਆਂ ਵਿਚ ਇਕ 65 ਸਾਲਾ ਸਵਿਸ ਔਰਤ, ਡੈਨਮਾਰਕ ਦਾ ਇਕ 60 ਸਾਲਾ ਵਿਅਕਤੀ ਅਤੇ ਪਰਥ ਦਾ 34 ਸਾਲਾ ਪੁਰਸ਼ ਪਾਇਲਟ ਸੀ। ਕੁੱਕ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਕੁੱਕ ਨੇ ਕਿਹਾ ਕਿ ਜਹਾਜ਼ ਨੇ ਟਾਪੂ ਦੇ ਪੱਛਮ ਵਾਲੇ ਪਾਸੇ ਇਕ ਖਾੜੀ ਦੇ ਪ੍ਰਵੇਸ਼ ਦੁਆਰ ਤੇ ਇਕ ਚੱਟਾਨ ਨਾਲ ਟਕਰਾਏ ਹੋਣ ਦੀਆਂ ਰਿਪੋਰਟਾਂ ਦੀ ਹੁਣ ਤਕ ਦੇਖੇ ਗਏ ਵੀਡੀਉ ਤੋਂ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ।

ਆਸਟਰੇਲੀਅਨ ਟਰਾਂਸਪੋਰਟ ਸੇਫ਼ਟੀ ਬਿਊਰੋ ਹਵਾਬਾਜ਼ੀ ਕਰੈਸ਼ ਜਾਂਚਕਰਤਾ ਨੇ ਕਿਹਾ ਕਿ ਵਿਸ਼ੇਸ਼ ਜਾਂਚਕਰਤਾਵਾਂ ਨੂੰ ਘਟਨਾ ਵਾਲੀ ਥਾਂ 'ਤੇ ਭੇਜਿਆ ਜਾ ਰਿਹਾ ਹੈ। ਮੌਕੇ 'ਤੇ ਮੌਜੂਦ ਇਕ ਸੈਲਾਨੀ ਕੁਇਨ ਨੇ ਪਰਥ ਵਿਚ ਆਸਟਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਰੇਡੀਓ ਨੂੰ ਦਸਿਆ, "ਅਸੀਂ ਸਮੁੰਦਰੀ ਜਹਾਜ਼ ਨੂੰ ਉੱਡਦੇ ਦੇਖ ਰਹੇ ਸੀ ਅਤੇ ਜਿਵੇਂ ਹੀ ਇਹ ਪਾਣੀ 'ਤੇ ਉਤਰਨਾ ਸ਼ੁਰੂ ਕਰ ਰਿਹਾ ਸੀ, ਇਹ ਕਰੈਸ਼ ਹੋ ਗਿਆ।

# ਲੁਧਿਆਣਾ 'ਚ ਪਹਿਲੀ ਵਾਰ ਬਣੇਗੀ ਮਹਿਲਾ ਮੇਅਰ, ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਕੀਤਾ ਜਾਰੀ



ਪੰਜਾਬ 'ਚ ਨਗਰ ਨਿਗਮ ਚੋਣਾਂ ਮੁਕੰਮਲ ਹੋਣ ਤੋਂ ਬਾਅਦ ਹੁਣ ਮੇਅਰ ਦੀ ਨਿਯੁਕਤੀ ਲਈ ਜਦੋਂ ਮੁਕਾਬਲਾ ਜਾਰੀ ਹੈ। ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਜਿਸ 'ਚ ਸਪੱਸ਼ਟ ਲਿਖਿਆ ਗਿਆ ਹੈ ਕਿ ਲੁਧਿਆਣਾ ਨਗਰ ਨਿਗਮ ਮੇਅਰ ਦਾ ਅਹੁਦਾ ਔਰਤਾਂ ਲਈ ਰਾਖਵਾਂ ਹੋਵੇਗਾ। ਜਦਕਿ ਬਾਕੀ 4 ਨਗਰ ਨਿਗਮਾਂ ਦੇ ਮੇਅਰ ਦੇ ਅਹੁਦੇ ਜਨਰਲ ਹੋਣਗੇ।

ਜ਼ਿਕਰਯੋਗ ਹੈ ਕਿ 21 ਦਸੰਬਰ 2024 ਨੂੰ ਪੰਜਾਬ ਦੇ ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਫਗਵਾੜਾ ਅਤੇ ਪਟਿਆਲਾ 'ਚ ਨਗਰ ਨਿਗਮ ਚੋਣਾਂ ਹੋਈਆਂ ਸਨ। ਮੇਅਰ ਦੇ ਅਹੁਦੇ ਲਈ ਕਾਫ਼ੀ ਮੁਕਾਬਲਾ ਚੱਲ ਰਿਹਾ ਹੈ। ਇਸ ਵਿਵਾਦ ਦਰਮਿਆਨ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਜਿਸ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਲੁਧਿਆਣਾ 'ਚ ਮੇਅਰ ਦਾ ਅਹੁਦਾ ਔਰਤਾਂ ਲਈ ਰਾਖਵਾਂ ਹੈ। ਸਾਫ਼ ਹੈ ਕਿ ਲੁਧਿਆਣਾ ਦੀ ਮੇਅਰ ਇੱਕ ਮਹਿਲਾ ਹੋਵੇਗੀ।

ਜਾਰੀ ਨੋਟੀਫਿਕੇਸ਼ਨ ਅਨੁਸਾਰ ਨਗਰ ਨਿਗਮ ਲੁਧਿਆਣਾ ਵਿੱਚ ਮੇਅਰ ਦਾ ਅਹੁਦਾ ਇੱਕ ਔਰਤ ਲਈ ਰਾਖਵਾਂ ਕੀਤਾ ਗਿਆ ਹੈ। ਬਾਕੀ 4 ਨਗਰ ਨਿਗਮਾਂ 'ਚ ਮੇਅਰ ਦਾ ਅਹੁਦਾ ਜਨਰਲ ਹੋਵੇਗਾ। ਇਸ ਸਬੰਧੀ ਵਿਭਾਗ ਨੇ ਡਿਵੀਜ਼ਨਲ ਕਮਿਸ਼ਨਰ ਨੂੰ ਸੂਚਨਾ ਭੇਜੀ ਹੈ ਕਿ ਲੁਧਿਆਣਾ ਸੀਟ ਔਰਤਾਂ ਲਈ ਰਾਖਵੀਂ ਰੱਖੀ ਜਾਵੇ। ਜੇਕਰ ਅਜਿਹਾ ਹੁੰਦਾ ਹੈ ਤਾਂ ਪਹਿਲੀ ਵਾਰ ਲੁਧਿਆਣਾ ਵਿੱਚ ਕੋਈ ਮਹਿਲਾ ਮੇਅਰ ਬਣੇਗੀ।

# ਭਾਜਪਾ ਦੀਆਂ ਜਥੇਬੰਦਕ ਚੋਣਾਂ 'ਚੋਂ ਪੰਜਾਬ ਬਾਹਰ

## ਜਾਖੜ ਦੀ ਪ੍ਰਧਾਨਗੀ ਬਰਕਰਾਰ



ਨਵੀਂ ਦਿੱਲੀ : ਭਾਜਪਾ ਨੇ ਪਾਰਟੀ ਦੀਆਂ ਜਥੇਬੰਦਕ ਚੋਣਾਂ ਦੇ ਪ੍ਰੋਗਰਾਮ 'ਚੋਂ ਪੰਜਾਬ ਨੂੰ ਬਾਹਰ ਕਰ ਦਿੱਤਾ ਹੈ। ਪਾਰਟੀ ਨੇ ਪੰਜਾਬ 'ਚ 30 ਲੱਖ ਮੈਂਬਰ ਬਣਾਉਣ ਦਾ ਟੀਚਾ ਰੱਖਿਆ ਸੀ ਪਰ ਹੁਣ ਤੱਕ ਸਿਰਫ਼ 6.6 ਲੱਖ ਮੈਂਬਰਸ਼ਿਪ ਫਾਰਮ ਹੀ ਭਰਵਾਏ ਜਾ ਸਕੇ ਹਨ। ਇਹ ਦਰ ਮੁਸ਼ਕਲ ਨਾਲ 22 ਫ਼ੀਸਦ ਹੀ ਬਣਦੀ ਹੈ। ਭਾਜਪਾ ਨੇ ਪੰਜਾਬ 'ਚ ਪ੍ਰਦੇਸ਼ ਪ੍ਰਧਾਨ ਅਤੇ ਕੌਮੀ ਪਰਿਸ਼ਦ ਦੇ ਮੈਂਬਰਾਂ ਦੀ ਚੋਣ ਲਈ ਰਿਟਰਨਿੰਗ ਅਫ਼ਸਰ ਨਿਯੁਕਤ ਨਹੀਂ ਕੀਤਾ ਹੈ ਜਿਸ ਦਾ ਮਤਲਬ ਹੈ ਕਿ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਹਾਲੇ ਅਹੁਦੇ 'ਤੇ ਬਣੇ ਰਹਿਣਗੇ। ਭਾਜਪਾ ਨੂੰ ਸੂਬੇ 'ਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਅਤੇ ਹੋਰ ਕਾਰਨਾਂ ਕਰਕੇ ਨਵੇਂ ਮੈਂਬਰ ਬਣਾਉਣ 'ਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਸਾਲ 2 ਸਤੰਬਰ ਤੋਂ ਭਾਜਪਾ ਦੀ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ 'ਚ ਪਾਰਟੀ ਦੇ ਕਰੀਬ 18 ਲੱਖ ਮੈਂਬਰ ਸਨ। ਪਾਰਟੀ ਸੂਤਰਾਂ ਨੇ ਮੰਨਿਆ ਕਿ ਪੰਜਾਬ 'ਚ ਮੈਂਬਰਸ਼ਿਪ ਮੁਹਿੰਮ ਹੌਲੀ ਰਫ਼ਤਾਰ ਨਾਲ ਚੱਲ ਰਹੀ ਹੈ ਜਿਸ ਕਾਰਨ ਅੰਦਰੂਨੀ ਚੋਣ ਅਮਲ ਸ਼ੁਰੂ ਨਹੀਂ ਹੋ ਸਕਿਆ ਹੈ। ਕੁਝ ਆਗੂ ਦੇਰੀ ਲਈ ਪੰਜਾਬ 'ਚ ਪੰਚਾਇਤ, ਵਿਧਾਨ ਸਭਾ ਜ਼ਿਮਨੀ ਚੋਣਾਂ ਅਤੇ ਬਾਅਦ 'ਚ ਨਗਰ ਨਿਗਮ ਚੋਣਾਂ ਨੂੰ ਜ਼ਿੰਮੇਵਾਰ ਮੰਨਦੇ ਹਨ ਪਰ ਕੁਝ ਨੇ ਜ਼ਮੀਨੀ ਪੱਧਰ 'ਤੇ ਜਥੇਬੰਦੀ ਦੇ ਸਬੰਧ 'ਚ ਗੰਭੀਰ ਚੁਣੌਤੀਆਂ ਦਾ ਹਵਾਲਾ ਦਿੱਤਾ ਹੈ।

# ਹਾਰਵਰਡ ਯੂਨੀਵਰਸਿਟੀ ਨੇ ਖੋਲ੍ਹਿਆ ਰਾਜ਼, ਦੱਸੇ ਦਿਮਾਗ ਨੂੰ ਤੇਜ਼ ਬਣਾਈ ਰੱਖਣ ਦੇ 5 ਸੌਖੇ ਤਰੀਕੇ



ਭੱਜ-ਦੌੜ ਭਰੀ ਜ਼ਿੰਦਗੀ ਅਤੇ ਖਾਣ-ਪੀਣ ਦੀਆਂ ਗਲਤ ਆਦਤਾਂ ਜ਼ਿਆਦਾਤਰ ਲੋਕਾਂ ਵਿੱਚ ਥਕਾਵਟ, ਉਦਾਸੀ, ਹਾਈ ਬਲੱਡ ਪ੍ਰੈਸ਼ਰ ਅਤੇ ਚਿੰਤਾ ਦਾ ਕਾਰਨ ਬਣ ਜਾਂਦੀਆਂ ਹਨ। ਜਿਸ ਦਾ ਸਿੱਧਾ ਅਸਰ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਪੈਂਦਾ ਹੈ। ਨਤੀਜੇ ਵਜੋਂ, ਲੋਕ ਬਹੁਤ ਸਾਰੇ ਜ਼ਰੂਰੀ ਰੋਜ਼ਾਨਾ ਕੰਮਾਂ ਅਤੇ ਚੀਜ਼ਾਂ ਨੂੰ ਭੁੱਲ ਜਾਂਦੇ ਹਨ। ਜੇ ਤੁਸੀਂ ਅਕਸਰ ਚੀਜ਼ਾਂ ਨੂੰ ਰੱਖਣਾ ਭੁੱਲ ਜਾਂਦੇ ਹੋ, ਤਾਂ ਹੁਣ ਤੁਹਾਡੀ ਟੈਨਸ਼ਨ ਖਤਮ ਹੋ ਜਾਵੇਗੀ। ਹਾਲ ਹੀ ਵਿੱਚ, ਹਾਵਰਡ ਯੂਨੀਵਰਸਿਟੀ ਨੇ ਕਮਜ਼ੋਰ ਯਾਦਸ਼ਕਤੀ ਨਾਲ ਨਜਿੱਠਣ ਲਈ 5 ਅਸਰਦਾਰ ਤਰੀਕੇ ਦੱਸੇ ਹਨ।

### ਸਿੱਖਦੇ ਰਹੋ

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਯਾਦਸ਼ਕਤੀ ਹਮੇਸ਼ਾ ਤੇਜ਼ ਬਣੀ ਰਹੇ ਤਾਂ ਸਭ ਤੋਂ ਆਸਾਨ ਤਰੀਕਾ ਹੈ ਕਿ ਕੋਈ ਨਾ ਕੋਈ ਕੰਮ ਲਗਾਤਾਰ ਸਿੱਖਦੇ ਰਹੋ। ਇਸ ਦੇ ਲਈ ਤੁਸੀਂ ਕੋਈ ਕਿਤਾਬ ਪੜ੍ਹ ਸਕਦੇ ਹੋ, ਸ਼ਤਰੰਜ ਜਾਂ ਬ੍ਰਿਜ ਗੇਮ ਖੇਡ ਸਕਦੇ ਹੋ, ਜੀਵਨ 'ਤੇ ਆਧਾਰਿਤ ਕਹਾਣੀਆਂ ਲਿਖ ਸਕਦੇ ਹੋ, ਕ੍ਰਾਸਵਰਡ ਪਹੇਲੀਆਂ ਨੂੰ ਹੱਲ ਕਰ ਸਕਦੇ ਹੋ ਜਾਂ ਸੰਗੀਤ ਜਾਂ ਕਲਾ ਸਿੱਖ ਸਕਦੇ ਹੋ।

### ਸਾਰੀਆਂ ਇੰਦਰੀਆਂ ਦੀ ਵਰਤੋਂ ਕਰੋ

ਆਪਣੀ ਯਾਦਸ਼ਕਤੀ ਨੂੰ ਤੇਜ਼ ਬਣਾਈ ਰੱਖਣ ਦਾ ਇੱਕ ਹੋਰ ਤਰੀਕਾ ਹੈ ਆਪਣੀਆਂ ਸਾਰੀਆਂ ਇੰਦਰੀਆਂ ਜਿਵੇਂ ਕਿ ਸੁੰਘਣ, ਛੋਹ, ਨਜ਼ਰ ਦੀ ਵਰਤੋਂ ਕਰਨਾ। ਆਪਣੀਆਂ ਸਾਰੀਆਂ ਇੰਦਰੀਆਂ ਦੀ ਵਰਤੋਂ ਕਰਨ ਨਾਲ ਵਿਅਕਤੀ ਨੂੰ ਚੀਜ਼ਾਂ, ਲੋਕਾਂ ਜਾਂ ਘਟਨਾਵਾਂ ਨੂੰ ਯਾਦ ਰੱਖਣ ਵਿੱਚ ਮਦਦ ਮਿਲਦੀ ਹੈ ਜੋ ਉਹ ਅਕਸਰ ਭੁੱਲ ਜਾਂਦੇ ਹਨ।

### ਤੁਸੀਂ ਆਪਣੇ ਵਿੱਚ ਵਿਸ਼ਵਾਸ ਰਖੋ

ਯਾਦਦਾਸ਼ਤ ਨੂੰ ਤੇਜ਼ ਰੱਖਣ ਲਈ ਤੀਜਾ ਸੁਝਾਅ ਇਹ ਹੈ ਕਿ ਕਿਸੇ ਨੂੰ ਕਦੇ ਵੀ ਆਪਣੇ ਆਪ 'ਤੇ ਵਿਸ਼ਵਾਸ ਕਰਨਾ ਬੰਦ ਨਹੀਂ ਕਰਨਾ ਚਾਹੀਦਾ। ਇਸ ਭਰੋਸੇ ਨੂੰ ਆਪਣੇ ਵਿਵਹਾਰ ਵਿੱਚ ਲਾਗੂ ਕਰਕੇ ਆਪਣੇ ਵਿੱਚ ਤਬਦੀਲੀ ਮਹਿਸੂਸ ਕਰੋ।

### ਕੈਲੰਡਰ, ਪਲੈਨਰ ਦੀ ਵਰਤੋਂ ਕਰੋ

ਦਿਮਾਗ ਨੂੰ ਤੇਜ਼ ਰੱਖਣ ਦਾ ਚੌਥਾ ਨੁਸਖਾ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਹੈ ਜੋ ਅਕਸਰ ਛੋਟੀਆਂ-ਛੋਟੀਆਂ ਗੱਲਾਂ ਨੂੰ ਭੁੱਲ ਜਾਂਦੇ ਹਨ। ਅਜਿਹੇ ਲੋਕ ਹਰ ਜ਼ਰੂਰੀ ਚੀਜ਼ ਨੂੰ ਕੈਲੰਡਰ ਵਿਚ ਮਾਰਕ ਕਰਕੇ ਜਾਂ ਪਲੈਨਰ ਵਿਚ ਲਿਖ ਕੇ ਰੱਖ ਸਕਦੇ ਹਨ।

### ਆਪਣੇ ਦਿਮਾਗ 'ਤੇ ਜ਼ੋਰ ਨਾ ਪਾਓ

ਕਈ ਵਾਰ ਯਾਦ ਰੱਖਣ ਦੀ ਸਖ਼ਤ ਕੋਸ਼ਿਸ਼ ਵੀ ਕੰਮ ਨਹੀਂ ਕਰਦੀ। ਇਸ ਲਈ, ਉਸ ਚੀਜ਼ ਨੂੰ ਕੁਝ ਸਮੇਂ ਲਈ ਯਾਦ ਕਰਨਾ ਛੱਡ ਦਿਓ, ਜਾਂ ਕਾਹਲੀ ਨਾ ਕਰੋ। ਤੁਸੀਂ ਦੇਖੋਗੇ ਕਿ ਹਰ ਚੀਜ਼ ਸਹੀ ਸਮੇਂ 'ਤੇ ਸਹੀ ਜਗ੍ਹਾ 'ਤੇ ਹੋਵੇਗੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS



100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.



Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Specializes In Collision Custom Paint



Jessie Srai
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
- Save Money ... with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਸਰਬੰਸਦਾਨੀ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ !



ਸ਼ਬਦ ਗੁਰੂ ਤੋਂ ਅੰਮ੍ਰਿਤ ਤੱਕ ਦੀ ਯਾਤਰਾ ਤੇ ਅੱਜ !

ਬਾਬਾ ਨਾਨਕ ਜੀ ਨੇ ਸਾਨੂੰ ਸ਼ਬਦ ਤੇ ਰਬਾਬ ਦੇ ਨਾਲ ਜੋੜ ਕੇ ਜੀਵਨ ਜਾਚ ਸਿਖਾਈ ਸੀ। ਉਹਨਾਂ ਨੇ ਉਦਾਸੀਆਂ ਕੀਤੀਆਂ, ਹਰ ਧਰਮ, ਜਾਤ ਤੇ ਮਜ਼ਹਬ ਦੇ ਲੋਕਾਂ ਨੂੰ ਨੂੰ ਮਿਲੇ। ਉਹਨਾਂ ਥਾਂ ਥਾਂ ਉੱਤੇ ਜਾ ਕੇ ਭਗਤ ਬਾਣੀ ਨੂੰ ਇਕੱਠਾ ਕਰਕੇ ਸਾਂਭਿਆ। ਜਿਸਨੂੰ ਗੁਰੂ ਅਰਜਨ ਜੀ ਨੇ ਸੰਪਾਦਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ। ਲੋਕਾਂ ਨੂੰ ਸੰਗਤ, ਪੰਗਤ ਤੇ ਲੰਗਰ ਦੀ ਮਰਿਆਦਾ ਦਿੱਤੀ। ਗੁਰੂ ਨਾਨਕ ਜੀ ਨੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦਾ ਸੰਦੇਸ਼ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਕੁਰਬਾਨੀ ਦੇਣ ਨਾਲੋਂ ਆਪਣੀ ਸਵੈ ਰੱਖਿਆ ਲਈ ਕਿਰਪਾਨ ਬਖਸ਼ਿਸ਼ ਕੀਤੀ। ਉਹਨਾਂ ਨੇ ਖਾਲਸਾ ਪੰਥ ਸਾਜਿਆ ਤੇ ਲੋਕਾਂ ਦੀ ਮਰ ਗਈ ਚੇਤਨਾ ਨੂੰ ਜਗਾਇਆ। ਇਸ ਸਮੇਂ ਅਸੀਂ ਫੇਰ ਉਸੇ ਖੂਹ ਵਿੱਚ ਡਿੱਗ ਗਏ ਹਾਂ। ਕਿਸੇ ਅਗੰਮੀ ਸ਼ਖ਼ਸੀਅਤ ਦੀ ਉਡੀਕ ਵਿੱਚ ਹਾਂ। ਜੋ ਨਹੀਂ ਆਉਣੀ। ਸਾਨੂੰ ਖ਼ੁਦ ਨੂੰ ਜਾਗਣਾ ਪਵੇਗਾ ਪਰ ਅਸੀਂ ਜਾਗਰਣ ਤੇ ਵੰਨ ਸੁਵੰਨੇ ਲੰਗਰ ਲਗਾਉਣ ਦੇ ਮੁਕਾਬਲਿਆਂ ਵਿੱਚ ਸਰਗਰਮ ਹੋ ਗਏ ਹਾਂ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੀਆਂ ਸੁਖਾਂ ਪੂਰੀਆਂ ਕਰਨ ਲਈ, ਉਸਦੇ ਨਾਮ ਤੇ ਰੋਟੀਆਂ ਸੇਕਣ ਲਈ ਵਰਤਣ ਦੇ ਆਦੀ ਹੋ ਗਏ ਹਾਂ। ਅਸੀਂ ਗੁਰੂ ਨਾਨਕ ਜੀ ਦੇ ਫ਼ਲਸਫੇ ਤੇ ਉਹਨਾਂ ਦੀ ਵਿਚਾਰਧਾਰਾ ਉਤੇ ਪਹਿਰਾ ਦੇਣ ਦੀ ਬਜਾਏ ਉਸ ਤੋਂ ਕੋਹਾਂ ਦੂਰ ਚਲੇ ਗਏ ਹਾਂ। ਅਸੀਂ ਸ਼ਹੀਦ ਸਿੰਘਾਂ ਦੀਆਂ ਸ਼ਹਾਦਤਾਂ ਵਾਲੀਆਂ ਥਾਵਾਂ ਨੂੰ ਮੇਲਿਆਂ ਵਿੱਚ ਬਦਲ ਲਿਆ ਹੈ। ਅਸੀਂ ਤਾਂ ਹਨੇਰਾ ਪੈਦਾ ਕਰਨ ਵਾਲੇ ਬਣ ਗਏ ਹਾਂ। ਸਾਡੇ ਅੰਦਰਲੀ ਅੱਗ ਬੁੱਝ ਗਈ ਹੈ। ਅਸੀਂ ਮਾਰੂਥਲ ਵਿੱਚ ਡੁੱਬ ਰਹੇ ਹਾਂ। ਸਾਡੇ ਸਿਰੋਂ ਪਾਣੀ ਲੰਘ ਗਿਆ ਹੈ। ਸ਼ਬਦਾਂ ਦੀ ਸ਼ਕਤੀ ਨੂੰ ਭੁੱਲ ਗਏ ਹਾਂ।

ਸ਼ਬਦ ਦੀ ਯਾਤਰਾ ਕਰਦਿਆਂ, ਸ਼ਬਦਾਂ ਦੇ ਆਰ-ਪਾਰ ਜਾਣਾ ਪੈਂਦਾ ਹੈ। ਸ਼ਬਦ ਕੇਵਲ ਯਾਤਰਾ ਹੀ ਨਹੀਂ ਕਰਦੇ, ਇਹ ਤਾਂ ਬਣਦੇ, ਘੜੇ ਜਾਂਦੇ, ਸਾਂਚੇ ਤੇ ਤਰਾਸ਼ੇ ਜਾਂਦੇ, ਜਨਮ ਦੇ, ਮਰਦੇ, ਸੁੰਗੜਦੇ, ਫੈਲਦੇ, ਗੁਆਚਦੇ ਹੋਏ ਸਮੇਂ ਦੇ ਨਾਲ ਨਾਲ ਯਾਤਰਾ ਕਰਦੇ ਹਨ। ਮਨੁੱਖ ਦਾ ਸ਼ਬਦ ਦੇ ਨਾਲ ਰਿਸ਼ਤਾ ਜਨਮ ਤੋਂ ਪਹਿਲਾਂ ਹੀ ਗਰਭ ਵਿੱਚ ਪੈ ਜਾਂਦਾ ਹੈ। ਇਸੇ ਕਰਕੇ ਅਸੀਂ ਬਹੁਤ ਕੁੱਝ ਨਾਲ ਹੀ ਲੈ ਕੇ ਜੰਮਦੇ ਹਾਂ, ਜੰਮਦਿਆਂ ਦੇ ਮੂੰਹ ਤਿੱਖੇ ਇਸੇ ਕਰਕੇ ਹੁੰਦੇ ਹਨ, ਕਿ ਉਨਾਂ ਦੇ ਮੂੰਹ ਤਿੱਖੇ ਕਰਨ ਲਈ ਸਾਡੇ ਪੁਰਖਿਆਂ ਨੇ ਜਿੱਥੇ ਸਾਨੂੰ ਲੋਰੀਆਂ ਦਿੱਤੀਆਂ ਹਨ, ਬਹਾਦਰੀ ਤੇ ਕੁਰਬਾਨੀ ਦੀਆਂ ਕਥਾਵਾਂ ਸੁਣਾਈਆਂ ਹਨ, ਉੱਥੇ ਉਨਾਂ ਸਾਨੂੰ ਆਪਣੇ ਤੇ ਬੇਗਾਨਿਆਂ ਦਾਅਹਿਸਾਸ ਹੀ ਨਹੀਂ ਕਰਵਾਇਆ, ਸਗੋਂ ਸੁਚੇਤ ਰਹਿਣ ਦਾ ਪਾਠ ਵੀ ਪੜ੍ਹਾਇਆ ਹੈ।


ਅਸੀਂ ਪੜਾਏ ਗਏ ਪਾਠਾਂ ਨੂੰ ਅਮਲ ਵਿੱਚ ਲਿਆਉਣ ਦੀ ਬਜਾਏ, ਖੁਦ ਪਾਠ ਕਰਨ ਲੱਗ ਪਏ ਤੇ ਅਸੀਂ ਪਾਠੀ ਹੋ ਗਏ। ਪਾਠ ਕਰਨ ਤੇ ਪਾਠੀ ਹੋਣ ਵਿੱਚ ਢੇਰ ਅੰਤਰ ਹੈ, ਪਰ ਸਾਡੀ ਬਦਕਿਸਮਤੀ ਇਹ ਹੋ ਗਈ ਕਿ ਅਸੀਂ ਪਾਠੀਆਂ ਨੂੰ ਹੀ ਗੁਰੂ ਦੇ ਵਜ਼ੀਰ ਸਮਝਣ ਲੱਗ ਪਏ ਹਾਂ। ਹੁਣ ਤਾਂ ਕੋਈ ਪਾਠੀ ਸਿੰਘ ਬਨਣ ਲਈ ਤਿਆਰ ਨਹੀਂ। ਇਸ ਕਰਕੇ ਅਸੀਂ ਸ਼ਬਦ ਗੁਰੂ ਦੇ ਨਾਲੋਂ ਟੁੱਟ ਕੇ ਪਾਠੀਆਂ, ਕੀਰਤਨੀਆਂ ਤੇ ਪੁਜਾਰੀਆਂ ਦੇ ਕਦਮਾਂ ਵਿੱਚ ਸਿਰ ਰੱਖ ਕੇ ਆਪਣੇ ਚੰਗੇ ਭਵਿੱਖ ਦੀਆਂ ਅਰਦਾਸਾਂ ਕਰਦੇ ਹਾਂ ਤੇ ਉਨਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਾਂ। ਪਾਠੀਆ ਦੇ ਕਮੇਟੀ ਕੀ ਕੀ ਕਰਦੀ ਹੈ ਕਿਵੇਂ ਉਹਨਾਂ ਦਾ ਸੋਸ਼ਣ ਕਰਦੀ ਹੈ ਇਸ ਤੇ ਕਥਾ ਫੇਰ ਕਰਾਗੇ. ਖੈਰ । ਅਸੀਂ ਅਰਦਾਸਾਂ ਤਾਂ ਗੁਰੂ ਅੱਗੇ ਕਰਦੇ ਹਾਂ, ਪਰ ਸਾਡਾ ਸਿਰ ਉਹਨਾਂ ਪੁਜਾਰੀਆਂ ਦੇ ਕਦਮਾਂ ਥੱਲੇ ਹੁੰਦਾ ਹੈ, ਜਿਹੜੇ ਆਪਣੇ ਆਪ ਨੂੰ ਸ਼ਬਦ ਗੁਰੂ ਨਾਲੋਂ ਵੀ ਵੱਡਾ ਸਮਝ ਦੇ ਹਨ ਪਰ ਵੱਡੇ ਹੁੰਦੇ ਨਹੀਂ। ਵੱਡੇ ਹੋਣ ਲਈ ਧੁੱਪੇ ਬੈਠ ਕੇ ਦਾਹੜੀ ਚਿੱਟੀ ਕਰਨਾ ਵੀ ਨਹੀਂ ਹੁੰਦਾ ਤੇ ਨਾ ਹੀ ਕਿਸੇ ਵੱਡੇ ਆਹੁਦੇ ਤੇ ਪੁੱਜ ਜਾਣਾ ਹੁੰਦਾ ਹੈ। ਪਰ ਅਸੀਂ ਉਨਾਂ ਨੂੰ ਹੀ ਵੱਡੇ ਸਮਝਣ ਲੱਗ ਪੈਂਦੇ ਹਾਂ, ਜਿੰਨਾਂ ਦੇ ਬਸਤਰ ਚਿੱਟੇ ਹੁੰਦੇ ਹਨ ਤੇ ਦਿਲ........। ਸ਼ਬਦ ਦੀ ਯਾਤਰਾ ਦਾ ਇੱਕ ਲੰਬਾ ਤੇ ਸੰਘਰਸ਼ਮਈ ਇਤਿਹਾਸ ਹੈ। ਇਹ ਇਤਿਹਾਸ ਨੂੰ ਵਾਚਦਿਆਂ ਅਸੀਂ ਕਦੇ ਵੀ ਸ਼ਬਦਾਂ ਦੀ ਗਹਿਰਾਈ ਤੇ ਅਸਮਾਨ ਵਰਗੀ ਉਚਾਈ ਨਹੀਂ ਮਾਪ ਸਕਦੇ।

ਉਂਝ ਅਸੀਂ ਸ਼ਬਦਾਂ ਦੇ ਵਣਜਾਰੇ ਅਖਵਾਉਣ ਦਾ ਢੌਂਗ ਰਚਦੇ ਹਾਂ। ਸ਼ਬਦਾਂ ਦਾ ਢੋਂਗ ਉਹੀ ਰਚਦੇ ਹਨ ਜਿੰਨਾਂ ਨੂੰ ਸ਼ਬਦਾਂ ਨਾਲ ਖੇਡਣਾ ਆਉਂਦਾ ਹੈ। ਸ਼ਬਦਾਂ ਨਾਲ ਖੇਡਣ ਲਈ ਸ਼ਬਦਾਂ ਦੀ ਭਾਸ਼ਾ ਨੂੰ ਸਮਝਣਾ ਬੜਾ ਔਖਾ ਮਾਰਗ ਹੈ ਪਰ ਅਸੀਂ ਔਖੇ ਮਾਰਗਾਂ ਦੇ ਮੁਸਾਫਿਰ ਨਹੀਂ, ਇਸ ਕਰਕੇ ਅਸੀਂ ਬਾਤਾਂ ਸੁਨਣੀਆਂ ਤੇ ਪੜਨੀਆਂ ਭੁੱਲ ਗਏ ਹਾਂ। ਸ਼ਬਦ ਗੁਰੂ ਨੂੰ ਭੁੱਲਣ ਕਰਕੇ ਅਸੀਂ ਜ਼ਿੰਦਗੀ ਦੇ ਅਜਿਹੇ ਭਵ-ਸਾਗਰ ਵਿੱਚ ਫੱਸ ਗਏ ਹਾਂ, ਕਿ ਸਾਡੀ ਹਾਲਤ ਝਾਲ ਦੇ ਪਾਣੀਆਂ ਵਰਗੀ ਹੋ ਗਈ ਹੈ, ਜਿਹੜਾ ਆਪਣੀ ਹੀ ਪਰਿਕਰਮਾ ਕਰਦਾ ਰਹਿੰਦਾ ਤੇ ਸੋਚਦਾ ਹੈ, ਉਸ ਨੇ ਬਹੁਤ ਲੰਬਾ ਸਫ਼ਰ ਤਹਿ ਕਰ ਲਿਆ ਹੈ। ਸਫਰ ਤੈਅ ਕਰਨ ਲਈ ਪੈਰਾਂ ਨਾਲ ਨਹੀਂ ਸੋਚ, ਸਮਝ ਤੇ ਮੰਜਿਲ ਦਾ ਨਿਸ਼ਾਨਾ ਮਿੱਥ ਕੇ ਤੁਰਿਆ ਜਾਂਦਾ ਹੈ। ਉਂਝ ਅਸੀਂ ਹਰ ਵੇਲੇ ਵੱਖ ਵੱਖ ਥਾਵਾਂ ਦੀਆਂ ਯਾਤਰਾਵਾਂ 'ਤੇ ਤੁਰੇ ਤਾਂ ਰਹਿੰਦੇ ਹਾਂ, ਪਰ ਅਸੀਂ ਕਿਸੇ ਮੰਜ਼ਿਲ ਉਤੇ ਨਹੀਂ ਪੁੱਜਦੇ। ਇਸੇ ਕਰਕੇ ਘੁੰਮਣਘੇਰੀ ਵਿੱਚ ਗੁਆਚ ਜਾਂਦੇ ਹਾਂ। ਗੁਆਚਦੇ ਉਹੀ ਹੁੰਦੇ ਹਨ, ਜਿੰਨ੍ਹਾਂ ਨੇ ਮੁੜ ਕੇ ਕੁੱਝ ਲੱਭ ਕੇ ਲਿਆਉਣਾ ਨਹੀਂ ਹੁੰਦਾ ਹੈ। ਦੁੱਧ ਤੇ ਪਾਣੀ ਦਾ ਨਿਤਾਰਾ ਉਹੀ ਕਰ ਸਕਦਾ ਹੈ, ਜਿਸ ਕੋਲ ਪਰਖਣ ਦੀ ਕਸਵੱਟੀ ਹੋਵੇ ਪਰ ਅਸੀਂ ਪਰਖਣੀਆਂ ਲਾ ਲਾ ਕੇ ਉਨ੍ਹਾਂ ਲੋਕਾਂ ਦਾ ਲਹੂ ਹੀ ਨਿਚੋੜਦੇ ਹਾਂ, ਜਿੰਨ੍ਹਾਂ ਦੇ ਅੰਦਰ ਲਹੂ ਹੁੰਦਾ ਨਹੀਂ। ਅਸੀਂ ਕਦੇ ਵੀ ਉਨ੍ਹਾਂ ਦੇ ਇਹ ਪਰਖਣੀਆਂ ਨਹੀਂ ਲਾਉਂਦੇ ਜਿਹੜੇ ਲੋਕਾਂ ਦਾ ਲਹੂ ਪੀਂਦੇ ਹਨ। ਪਰ ਆਪਣੇ ਆਪ ਨੂੰ ਸ਼ਾਕਾਹਾਰੀ ਕਹਿੰਦੇ ਹਨ। ਚਿੱਟੇ ਬਸਤਰ ਤੇ ਚਿੱਟੀ ਦਾਹੜੀ ਦੇ ਨਾਲ ਆਪਣੇ ਅੰਦਰਲੇ ਕਾਲਖ ਨੂੰ ਲਕੋਇਆ ਨਹੀਂ ਜਾ ਸਕਦਾ। ਤੁਹਾਡੇ ਅੰਦਰਲੀ ਕਾਲਖ ਤੁਹਾਡੀ ਅੱਖਾਂ ਦੇ ਰਾਂਹੀ ਸਾਰੀ ਹੀ ਚੁਗਲੀ ਕਰ ਦਿੰਦੀ ਹੈ, ਪਰ ਤੁਹਾਨੂੰ ਪਤਾ ਹੀ ਨਹੀਂ ਲਗਦਾ ਕਿ ਤੁਹਾਡੇ ਦਿਲ ਦੀਆਂ ਗੱਲਾਂ ਦੂਸਰੇ ਨੂੰ ਕਿਵੇਂ ਪਤਾ ਲੱਗ ਗਈਆਂ ਹਨ, ਤੁਸੀ ਆਪਣਿਆਂ 'ਤੇ ਸ਼ੱਕ ਕਰਦੇ ਹੋ ਤੇ ਬੇਗਾਨਿਆਂ ਉੱਤੇ ਵਿਸ਼ਵਾਸ ਕਰਨ ਲੱਗਦੇ ਹੋ। ਇਸੇ ਕਰਕੇ ਅਸੀਂ ਆਪਣਿਆਂ ਦੇ ਹੱਥੋਂ ਕਤਲ ਹੁੰਦੇ ਹਾਂ, ਤਾਂ ਕਤਲ ਕਰਦੇ ਹਾਂ। ਸਾਡੇ ਕਾਤਲ ਕੋਈ ਬਾਹਰੋਂ ਨਹੀਂ ਆਉਂਦੇ, ਸਾਡੇ ਅੰਦਰੋ ਹੀ ਪੈਦਾ ਹੁੰਦੇ ਹਨ। ਇਹ ਉਦੋਂ ਹੀ ਪੈਦਾ ਹੁੰਦੇ ਹਨ, ਜਦੋਂ ਅਸੀਂ ਹਰ ਇੱਕ ਤੇ ਵਿਸ਼ਵਾਸ ਕਰਦੇ ਹਾਂ, ਵਿਸ਼ਵਾਸ਼ ਇੱਕ ਦਿਨ ਵਿੱਚ ਪੈਦਾ ਨਹੀਂ ਕੀਤਾ ਜਾ ਸਕਦਾ। ਬੜੀ ਘਾਲਣਾ ਘਲਣੀ ਪੈਂਦੀ ਹੈ। ਪਰ ਅਸੀਂ ਘਾਲਣਾ ਨਹੀਂ ਘਾਲਦੇ, ਘੌਲੀ ਜ਼ਰੂਰ ਬਣ ਜਾਂਦੇ ਹਾਂ। ਸ਼ਬਦਾਂ ਦੀ ਯਾਤਰਾ ਜਦੋਂ ਬੰਦਿਸ਼ ਬਣਦੀ ਹੈ ਤਾਂ ਤਲਵਾਰ ਲਹੂ ਮੰਗਦੀ। ਜਦੋਂ ਤਲਵਾਰ ਲਹੂ ਮੰਗਦੀ ਹੈ ਸੋਚ ਜਨਮ ਲੈਂਦੀ, ਸੋਚ ਜਿਹੜੀ ਵਿਚਾਰਧਾਰਾ ਬਣਦੀ ਹੈ। ਤਾਂ ਫਿਰ ਸਿਰ ਉਠਦੇ ਹਨ, ਬਗੈਰ ਸਿਰਾਂ ਵਾਲੇ ਸਿਰ ਹੁੰਦਿਆਂ ਵੀ ਦੌੜਦੇ ਹਨ। ਜਦੋਂ ਬਗੈਰ ਸਿਰ ਦੇ ਕੋਈ ਦੌੜਦਾ ਹੈ ਤਾਂ ਆਪਣੀ ਮੌਤ ਖੁਦ ਮਰਦਾ ਹੈ। ਤਲਵਾਰ ਦੇ ਅੱਗੇ ਜਦੋਂ ਉਠ ਕੇ ਕੋਈ ਆਪਣਾ ਸੀਸ ਭੇਂਟ ਕਰਦਾ ਹੈ ਤੇ ਉਹ ਬੇਗਾਨਾ ਵੀ ਆਪਣਾ ਹੋ ਜਾਂਦਾ ਹੈ। ਇਹ ਬੇਗਾਨਗੀ ਉਦੋਂ ਤੱਕ ਹੀ ਰਹਿੰਦੀ ਹੈ, ਜਦੋਂ ਤੱਕ ਕੋਈ ਇੱਕ ਦੂਜੇ ਨਾਲ ਜੁੜਦਾ ਨਹੀਂ। ਤਾੜੀ ਇੱਕ ਹੱਥ ਨਾਲ ਨਹੀਂ ਦੋਹਾਂ ਨਾਲ ਵੱਜਦੀ ਹੈ। ਦੋਹਾਂ ਨੂੰ ਜੋੜ ਕੇ ਹੀ ਨਵਾਂ ਕੁੱਝ ਸਿਰਜਿਆ ਜਾਂਦਾ ਹੈ। ਪਰ ਅਸੀਂ ਕੁਦਰਤ ਦੀ ਇਸ ਸਿਰਜਣਾ ਦੇ ਖਿਲਾਫ਼ ਸਮਲਿੰਗੀ ਹੋ ਗਏ। ਹੁਣ ਤੇ ਬੇਬੀ ਟਿਊਬ ਤੱਕ ਪੁਜਗੇ ਹਾਂ । ਹੁਣ ਥਾਂ ਥਾਂ ਉੱਤੇ ਬੇਬੀ ਟਿਊਬ ਰਾਹੀਂ ਬੱਚੇ ਪੈਦਾ ਕੀਤੇ ਜਾ ਰਹੇ ਹਨ। ਜੁੜਦਿਆਂ ਅਤੇ ਤੁਰਦਿਆਂ ਦਾ ਹੀ ਕਾਫਲਾ ਬਣਦਾ ਹੈ। ਭੀੜ ਦੀ ਕੋਈ ਸੋਚ ਨਹੀਂ ਹੁੰਦੀ। ਕਾਫਲੇ ਤੇ ਦਰਿਆ ਦਾ ਕੋਈ ਵਹਿਣ ਨਹੀਂ ਹੁੰਦਾ। ਉਹ ਤਾਂ ਆਪਣੇ ਰਸਤੇ ਖੁਦ ਸਿਰਜਦਾ ਹੈ, ਰਸਤੇ ਬਣਾਉਂਦਾ ਹੋਇਆ ਮੰਜਿਲ ਤੱਕ ਪੁੱਜਦਾ ਹੈ। ਮੰਜ਼ਿਲ ਤੱਕ ਪੁੱਜਣ ਲਈ ਸਫਰ ਦੀ ਨਹੀਂ ਸਬਰ ਦੀ ਲੋੜ ਪੈਂਦੀ ਹੈ, ਸਿਰ ਕਟਾਉਣਾ ਪੈਂਦਾ ਹੈ, ਚਰਖੜਿਆਂ ਤੇ ਚੜਨਾ ਤੇ ਰੂੰ ਸੜਨਾ ਤੇ ਦੇਗ ਵਿੱਚ ਉਬਾਲੇ ਖਾ ਕੇ ਬੰਦ ਬੰਦ ਕਟਾਉਣਾ ਪੈਂਦਾ ਹੈ। ਬੰਦ ਬੰਦ ਉਹੀ ਕਟਵਾ ਸਕਦਾ, ਜਿਹੜਾ ਸ਼ਬਦ ਗੁਰੂ ਦਾ ਮੁਰੀਦ ਹੋਵੇ, ਆਸ਼ਕ ਹੋਵੇ। ਝਨਾਂ ਕੱਚੇ ਘੜੇ ਨਹੀਂ ਤਰ ਸਕਦੇ। ਇਸੇ ਕਰਕੇ ਕੱਚੇ ਘੜੇ ਬੇਦਾਵਾ ਦੇ ਕੇ ਗੁਰੂ ਸ਼ਬਦ ਤੋਂ ਮੁੱਖ ਮੋੜ ਕੇ ਭੱਜਦੇ ਹਨ। ਭੱਜਣ ਵਾਲੇ ਹਮੇਸ਼ਾ ਦਗ਼ਾ ਦੇਂਦੇ ਹਨ। ਸ਼ਬਦ ਗੁਰੂ ਤੋਂ ਅੰਮ੍ਰਿਤ ਤੱਕ ਦਾ ਸਫ਼ਰ ਏਡਾ ਸੌਖਾ ਨਹੀਂ। ਜਿੰਨਾ ਸੌਖਾ ਅਸੀਂ ਬਣਾ ਦਿੱਤਾ ਹੈ। ਇਸੇ ਕਰਕੇ ਹੀ ਅਸੀਂ ਹਜ਼ਾਰਾਂ ਦੀ ਗਿਣਤੀ ਵਿੱਚ ਗੁਰੂ ਘਰ ਨਾਲ ਤਾਂ ਜੁੜਦੇ ਹਾਂ ਪਰ ਸ਼ਬਦ ਗੁਰੂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਬਗੈਰ ਸਿਰਾਂ ਦੇ ਗਲਾਂ ਵਿੱਚ ਸਵਾ ਮੀਟਰ ਕੱਪੜਾ ਪਾ ਕੇ ਅਸੀਂ ਆਪਣੇ ਇਤਿਹਾਸ ਦੀ ਤੌਹੀਨ ਕਰਦੇ ਹੋਏ ਆਖਦੇ ਹਾਂ, ਹਜ਼ਾਰਾਂ ਪ੍ਰੇਮੀ ਗੁਰੂ ਵਾਲੇ ਬਣੇ। ਪਰ ਅਸੀਂ ਭੁੱਲ ਜਾਂਦੇ ਹਾਂ, ਗੁਰੂ ਵਾਲੇ ਬਣਨ ਤੋਂ ਪਹਿਲਾਂ ਸੀਸ ਤਲੀ ਤੇ ਧਰਨਾ ਪੈਂਦਾ ਹੈ। ਮੈਦਾਨੇ ਜੰਗ ਵਿੱਚ ਲੜਨਾ ਪੈਦਾ ਹੈ। ਆਪੇ ਗੁਰੂ ਤੇ ਚੇਲਾ ਉਹ ਬਣ ਸਕਦਾ ਹੈ, ਜਿਸ ਦੇ ਅੰਦਰੋਂ 'ਮੈਂ' ਮੁਕ ਜਾਵੇ-ਤੂੰ ਹੀ ਤੂੰ ਤੱਕ ਉਹੀ ਪੁੱਜ ਸਕਦਾ ਹੈ, ਜਿਹੜਾ ਇਸ ਖੰਡ ਵਿਚੋਂ ਨਿਕਲ ਕੇ ਬ੍ਰਹਿਮੰਡ ਤੱਕ ਪੁੱਜ ਜਾਵੇ ਪਰ ਅਸੀਂ ਤਾਂ ਗੁਰੂ ਵਾਲੇ ਹੋ ਕੇ ਅਜੇ ਉਨ੍ਹਾਂ ਦਲਦਲਾਂ ਵਿੱਚ ਫਸੇ ਹੋਏ ਹਾਂ। ਜਿੰਨ੍ਹਾਂ ਵਿੱਚੋਂ ਕੱਢਣ ਲਈ ਸ਼ਬਦ ਗੁਰੂ ਨੇ ਇੱਕ ਲੰਮਾ ਸਫ਼ਰ ਕੀਤਾ। ਉਹ ਸਫ਼ਰ ਪੂਰਾ ਕਰਕੇ ਤੁਰ ਹਨ, ਅਸੀਂ ਉਥੇ ਹੀ ਖੜ੍ਹੇ ਹਾਂ ਤੇ ਸਗੋਂ ਕੁਝ ਕਦਮ ਪਿੱਛੇ ਚਲੇਗਾ ਹਾਂ। ਅਸੀਂ ਤਾਂ ਅਜੇ ਵੀ ਜਾਤਾਂ-ਕੁਜਾਤਾਂ, ਉਚ-ਨੀਚ, ਚਿੱਕੜ 'ਚ ਆਪ ਲਿਬੜ ਰਹੇ ਹਾਂ ਤੇ ਹੋਰਨਾਂ ਨੂੰ ਲਬੇੜ ਰਹੇ ਹਾਂ। ਹੁਣ ਸ਼ਬਦ ਗੁਰੂ ਇੱਕ ਝੰਡੇ ਥੱਲੇ ਨਹੀਂ ਸਗੋਂ, ਵੱਖ ਵੱਖ ਜਾਤਾਂ ਦੇ ਝੰਡਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸੀਂ ਸ਼ਬਦ ਗੁਰੂ ਦਾ ਸਿਧਾਂਤ ਅੰਮ੍ਰਿਤ ਦੀ ਦਾਤ ਦੇ ਅਰਥ ਹੀ ਭੁੱਲ ਗਏ ਹਾਂ। ਇਸੇ ਕਰਕੇ ਅਸੀਂ ਇਸ ਹਸਦੀ ਵਸਦੀ ਦੁਨੀਆਂ ਵਿੱਚ ਰੁਲ ਗਏ। ਰੁਲੀ ਹੋਈ ਚੀਜ਼ ਲੱਭਦੀ ਨਹੀਂ। ਅਸੀਂ ਬਾਹਰੋਂ ਲੱਭਣ ਤੁਰੇ ਧਰਤੀ, ਅੰਬਰ ਤੱਕ ਖਾਕ ਮਾਰਿਆ ਹੈ। ਪਰ ਅਸੀਂ ਕਦੇ ਆਪਣੇ ਅੰਦਰ ਦੀ ਯਾਤਰਾ ਨਹੀਂ ਕੀਤੀ। ਅੰਦਰ ਦੀ ਯਾਤਰਾ ਉਹੀ ਕਰਦੇ ਹਨ, ਜਿੰਨਾਂ ਨੂੰ ਆਪਣੇ ਅੰਦਰ ਉਤਰਨਾ ਆਉਂਦਾ ਹੈ। ਅਸੀਂ ਆਪਣੇ ਅੰਦਰ ਉਤਰਨ ਦੀ ਬਜਾਏ ਬਾਹਰ ਵੱਲ ਉਤਰਦੇ ਹਾਂ। ਇਸੇ ਕਰਕੇ ਅਸੀਂ ਭਟਕਦੇ ਫਿਰਦੇ ਹਾਂ, ਅਸੀਂ ਕਦੇ ਉੱਤਰ, ਕਦੇ ਦੱਖਣ ਵੱਲ ਤੁਰਦੇ ਹਾਂ ਤੇ ਫਿਰ ਕਦੇ ਪੂਰਬ ਤੇ ਪੱਛਮ ਵੱਲ। ਇਸੇ ਕਰਕੇ ਸਾਡੇ ਅੰਦਰ ਸ਼ੋਰ ਵੱਧ ਗਿਆ ਹੈ। ਅਸੀਂ ਅਸ਼ਾਂਤ ਹੋ ਗਏ ਹਾਂ। ਅਸ਼ਾਂਤੀ ਸਾਨੂੰ ਇੱਕ ਥਾਂ ਟਿਕਣ ਨਹੀਂ ਦਿੰਦੀ। ਸ਼ਬਦ ਗੁਰੂ ਜਦੋਂ ਅੰਮ੍ਰਿਤ ਬਣਦਾ ਹੈ ਤਾਂ ਉਹ ਕੁਰਬਾਨੀ ਮੰਗਦਾ ਹੈ। ਅਸੀਂ ਸ਼ਬਦਾਂ ਦੇ ਰਾਂਹੀ ਕੁਰਬਾਨ ਹੋਣ ਦੀਆਂ ਗੱਲਾਂ ਤਾਂ ਕਰਦੇ ਹਾਂ। ਪਰ ਜਦੋਂ ਕੁਰਬਾਨੀ ਦੇਣ ਦਾ ਸਮਾਂ ਆਉਂਦਾ ਹੈ ਤਾਂ ਅਸੀਂ ਪਿੱਠ ਮੋੜ ਕੇ ਭੱਜਦੇ ਹਾਂ। ਅਸੀਂ 'ਅੰਮ੍ਰਿਤ' ਦੀ ਸ਼ਕਤੀ ਤੇ ਭਗਤੀ ਨੂੰ ਭੁੱਲ ਗਏ ਹਾਂ, ਇਸੇ ਕਰਕੇ ਅਸੀਂ ਰੋਹ ਤੇ ਵਿਦਰੋਹ ਨਹੀਂ ਕਰਦੇ ਅਸੀਂ ਆਪਣੀ ਸ਼ਕਤੀ ਖਤਮ ਕਰਨ ਲਈ ਭਗਤੀ ਕਰਨ ਲੱਗ ਪਏ ਹਾਂ। ਸਾਡੇ ਅੰਦਰੋਂ ਸ਼ਕਤੀ ਮਰ ਗਈ ਹੈ ਜਾਂ ਫਿਰ ਇਸ ਨੂੰ ਮਾਰਨ ਲਈ ਸਾਨੂੰ ਭਗਤੀ ਦੇ ਲੜ ਲਾਕੇ ਮੌਤ ਤੋਂ ਬਚਣ ਦੇ ਮਾਰਗ ਤੋਰਿਆ ਹੈ। ਸਾਨੂੰ ਇਹ ਕਦੋਂ ਸਮਝ ਆਵੇਗੀ? ਜਦੋਂ ਵਾੜ ਹੀ ਖੇਤ ਨੂੰ ਖਾ ਜਾਵੇਗੀ-ਬਾਗਾਂ ਤੇ ਖੇਤਾਂ ਦੇ ਰਾਖਿਆਂ ਨੂੰ ਉਨ੍ਹਾਂ ਦੇ ਅੰਦਰਲੀ ਸ਼ਕਤੀ ਦੇ ਅਰਥ ਕੌਣ ਦੱਸੇਗਾ? ਹੁਣ ਤਾਂ ਆਪਣਾ ਆਪ ਜਗਾਉਣ ਦੀ ਲੋੜ ਹੈ. ਤਾਂ ਹੀ ਤਲਵਾਰ ਨੂੰ ਕਿਰਪਾਨ ਬਣਾ ਸਕਦੇ ਹਾਂ ਪਰ ਅਸੀਂ ਤੇ ਤਲਵਾਰਾਂ ਇਉਂ ਚੁੱਕੀ ਫਿਰਦੇ ਹਾਂ ਜਿਵੇ ਮੈਦਾਨ ਹੋਵੇ ਪਰ ਕਿਰਪਾਨ ਕਿਸੇ ਕੋਲ ਨਹੀਂ ਜੋ ਗੁਰੂ ਜੀ ਸ਼ਬਦ ਗੁਰੂ ਦੇ ਰਾਹੀਂ ਦਿਤੀ ਸੀ। ਅਸੀਂ ਕਦੋਂ ਸਮਝਾਗੇ ਇਹ ਫਰਕ.? ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਭੁੱਲ ਗਏ ਹਾਂ ਤੇ ਗੁਰਦੁਆਰੇ ਵੱਡੇ ਤੇ ਪੱਕੇ ਕਰ ਲੈ ਹਨ। ਅਸੀਂ ਇਹਨਾਂ ਗੁਰਦੁਆਰਿਆਂ ਦੀਆਂ ਗੋਲਕਾਂ ਉਤੇ ਕਬਜ਼ਾ ਕਰਨ ਲਈ ਹਰ ਹਰਬੇ ਵਰਤ ਦੇ ਹਾਂ। ਹੁਣ ਗੋਲਕਾਂ ਦੀਆਂ ਲੜਾਈਆਂ ਦਾ ਸਿਖ਼ਰ ਹੈ। ਇਸ ਸਿਖ਼ਰ ਦੁਪਹਿਰੇ ਹਨੇਰਾ ਹੋ ਗਿਆ ਹੈ। ਇਹ ਹਨੇਰਾ ਦਿਨੋਂ ਦਿਨ ਗੂੜ੍ਹਾ ਹੁੰਦਾ ਜਾ ਰਿਹਾ ਹੈ।



ਬੁੱਧ ਸਿੰਘ ਨੀਲੋਂ
94643 70823

# ਪ੍ਰਸਿੱਧ ਗੀਤਕਾਰ "ਸ਼ਮਸ਼ੇਰ ਸੰਧੂ" ਦਾ ਲਿਖਿਆ ਕਾਵਿ ਸੰਗ੍ਰਿਹ "ਕਿੱਥੇ ਖੋ ਗਏ ਚੱਜ ਦੇ ਬੰਦੇ" ਵਿਸ਼ਵ ਭਰ 'ਚ ਹੋਇਆ ਰਿਲੀਜ਼




ਸਿੱਕੀ ਝੱਜੀ ਪਿੰਡ ਵਾਲਾ (ਇਟਲੀ) ਬਹੁਤ ਸਾਰੇ ਸੁਪਰਹਿੱਟ ਪੰਜਾਬੀ ਗੀਤਾਂ ਰਾਂਹੀ ਲਗਾਤਾਰ ਪੰਜ ਪੀੜੀਆਂ ਤੋਂ ਲੱਖਾਂ ਦਿਲਾਂ ਤੇ ਰਾਜ ਕਰਨ ਵਾਲੀ ਮਾਣਮੱਤੀ ਸ਼ਖਸ਼ੀਅਤ ਗੀਤਕਾਰ ਤੇ ਪੇਸ਼ਕਾਰ ਸ਼ਮਸ਼ੇਰ ਸੰਧੂ ਦਾ ਨਾਮ ਹਰ ਵਰਗ ਦੇ ਸਰੋਤੇ ਬੜੇ ਮਾਣ ਨਾਲ ਲੈਂਦੇ ਹਨ। ਮਾਂ ਬੋਲੀ ਪੰਜਾਬੀ ਦੀ ਸੇਵਾ ਕਰਦਿਆਂ ਉਹਨਾਂ ਬਹੁਤ ਸਾਰੇ ਕਲਾਕਾਰਾਂ ਨੂੰ ਸਟਾਰ ਬਣਾਇਆ, ਜਿਹਨਾਂ ਵਿੱਚੋਂ ਲੰਮੀ ਹੇਕ ਤੇ ਹਿੱਕ ਦੇ ਜੋਰ ਨਾਲ ਗਾਉਣ ਵਾਲੇ ਪ੍ਰਸਿੱਧ ਗਾਇਕ ਸੁਰਜੀਤ ਬਿੰਦਰਖੀਆ ਦਾ ਨਾਮ ਪਲੇਠੇ ਨੰਬਰ ਤੇ ਆਉਂਦਾ ਹੈ। ਜੱਟ ਦੀ ਪਸੰਦ, ਯਾਰ ਬੋਲਦਾ, ਦੁਪੱਟਾ ਤੇਰਾ ਸੱਤ ਰੰਗ ਦਾ ਇਹ ਸ਼ਮਸ਼ੇਰ ਸੰਧੂ ਜੀ ਦੇ ਲਿਖੇ ਉਹ ਗੀਤ ਸਨ ਜਿਹਨਾਂ ਨੇ ਗਾਇਕ ਤੇ ਗੀਤਕਾਰ ਦੋਹਾਂ ਦੀ ਝੋਲੀ ਅੰਤਰ-ਰਾਸ਼ਟਰੀ ਪੱਧਰ ਤੇ ਮਾਣ ਸਨਮਾਨ ਅਤੇ ਪ੍ਰਸਿੱਧੀ ਪਾਈ। ਇਹ ਗੀਤ ਅੱਜ ਵੀ ਦੇਸ਼ ਵਿਦੇਸ਼ ਵਿੱਚ ਡੀਜੇ ਤੇ ਅਨੇਕਾਂ ਵਾਰ ਵੱਜਦੇ ਸੁਣੇ ਜਾਂਦੇ ਹਨ।






ਸੰਧੂ ਸਾਹਿਬ ਦੀ ਪੇਸ਼ਕਾਰੀ ਤੇ ਗੀਤਕਾਰੀ ਦੀਆਂ ਮਿਸਾਲਾਂ ਅੱਜ ਵੀ ਪੰਜਾਬੀ ਸੰਗੀਤਕ ਇੰਡਸਟਰੀ ਵਿੱਚ ਮਿਲਦੀਆਂ ਹਨ ਫਿਰ ਚਾਹੇ ਉਹ ਵਿਸਾਖੀ ਮੇਲਾ ਹੋਵੇ, ਨਵੇਂ ਸਾਲ ਦੇ ਪ੍ਰੋਗਰਾਮਾਂ ਦਾ ਗੁਲਦਸਤਾ ਹੋਵੇ ਤੇ ਜਾਂ ਫਿਰ ਕਿਸੇ ਪੰਜਾਬੀ ਗਾਇਕ ਦੇ ਗੀਤਾਂ ਦੀ ਕੈਸੇਟ ਹੋਵੇ। ਨਾਮਵਰ ਸੰਗੀਤਕਾਰ "ਅਤੁਲ ਸ਼ਰਮਾ" ਗੀਤਕਾਰ ਸ਼ਮਸ਼ੇਰ ਸੰਧੂ ਜੀ ਤੇ ਗਾਇਕ ਸੁਰਜੀਤ ਬਿੰਦਰਖੀਆ ਇਸ ਤਿੱਕੜੀ ਨੇ ਇਹੋ ਜਿਹੇ ਝੰਡੇ ਸੰਗੀਤਕ ਇੰਡਸਟਰੀ ਵਿੱਚ ਗੱਡੇ ਜਿਸ ਨੇ ਇੰਗਲੈਂਡ, ਕਨੇਡਾ, ਅਮਰੀਕਾ ਤੇ ਹੋਰ ਬਹੁਤ ਸਾਰੇ ਮੁਲਕਾਂ ਵਿੱਚ ਗੋਲਡ ਮੈਡਲਾਂ ਨਾਲ ਮਾਣ ਸਨਮਾਨ ਝੋਲੀ ਪਾਏ, ਜਿਸ ਨਾਲ ਗਾਇਕ ਤੇ ਗੀਤਕਾਰ ਸਰੋਤਿਆਂ ਦੀ ਪਹਿਲੀ ਪਸੰਦ ਬਣੇ।

ਫਿਲਮੀ ਦੁਨੀਆ ਦੇ ਗਾਇਕਾਂ ਆਸ਼ਾ ਭੌਂਸਲੇ, ਅਨੁਰਾਦਾ ਪੋਡਵਾਲ,ਗੁਰਦਾਸ ਮਾਨ, ਸੁਰਿੰਦਰ ਕੌਰ, ਕੁਲਦੀਪ ਮਾਣਕ, ਇੱਕ ਗੀਤ ਕੁਲਦੀਪ ਮਾਣਕ ਤੇ ਸੁਰਜੀਤ ਬਿੰਦਰਖੀਆ ਦਾ ਸਾਂਝੇ ਤੌਰ ਤੇ ਗਾਇਆ ਜੋ ਕਿ "ਜੱਟ ਯੋਧੇ" ਫਿਲਮ ਵਿੱਚ ਸੀ ਉਹਨੀਂ ਦਿਨੀ ਚਰਚਾ ਦਾ ਵਿਸ਼ਾ ਰਿਹਾ। ਜਗਮੋਹਨ ਕੌਰ, ਸੁਰਿੰਦਰ ਸ਼ਿੰਦਾ, ਸਰਦੂਲ ਸਿਕੰਦਰ, ਹੰਸ ਰਾਜ ਹੰਸ ਨੇ ਸੰਧੂ ਸਾਹਿਬ ਦੀ ਕਲਮ ਦੇ ਬਹੁਤ ਸਾਰੇ ਲਿਖੇ ਗੀਤ ਗਾਏ।

ਸਤਵਿੰਦਰ ਬਿੱਟੀ, ਸੁਰਜੀਤ ਖਾਨ, ਯੁੱਧਵੀਰ ਮਾਣਕ, ਸੁਰਿੰਦਰ ਲਾਡੀ, ਨਰਿੰਦਰ ਮਾਵੀ, ਨੇ ਵੀ ਇਸ ਕਲਮ ਦੇ ਲਿਖੇ ਅਨੇਕਾਂ ਗੀਤ ਗਾਏ ਜਿਹਨਾਂ ਵਿੱਚੋਂ ਇੱਕਲੇ ਸੁਰਜੀਤ ਬਿੰਦਰਖੀਆ ਨੇ ਸੰਧੂ ਸਾਹਿਬ ਦੀ ਕਲਮ ਦੇ ਲਿਖੇ ਤਕਰੀਬਨ 145 ਗੀਤ ਰਿਕਾਰਡ ਕੀਤੇ ਇੱਕ ਤੋਂ ਬਾਅਦ ਇੱਕ ਸੁਪਰਹਿੱਟ ਗੀਤ ਅੱਜ ਵੀ ਸਰੋਤਿਆਂ ਦੀ ਜੁਬਾਨ ਤੇ ਹਨ। ਮੇਲ ਅਤੇ ਫੀ ਮੇਲ ਟੋਟਲ 87 ਕਲਾਕਾਰਾਂ ਨੇ ਹੁਣ ਤੱਕ ਆਪ ਜੀ ਦੇ ਲਿਖੇ ਗੀਤ ਗਾਏ। ਨਵੇਂ ਅੱਜਕੱਲ੍ਹ ਦੇ ਕਲਾਕਾਰਾਂ ਦੀ ਗੱਲ ਕਰੀਏ ਤਾਂ ਜਿਹਨਾਂ ਵਿੱਚ ਗਾਇਕ ਗੱਭਰ-ਲੱਡੂ (ਅਸਟ੍ਰੇਲੀਆ) ਚਰਨਜੀਤ ਵਿੱਕੀ (ਕਨੇਡਾ) ਜੈਸਮੀਨ ਬਰਾੜ (ਯੂ.ਐਸ.ਏ) ਬਹੁ ਚਰਚਿਤ ਗਾਇਕ ਹਿੰਮਤ ਸੰਧੂ ਜਿਹੇ ਪ੍ਰਸਿੱਧ ਗਾਇਕਾਂ ਨੇ ਸੰਧੂ ਸਾਹਿਬ ਦੀ ਕਲਮ ਦੇ ਲਿਖੇ ਗੀਤ ਆਪਣੀਆਂ ਅਵਾਜ਼ਾਂ ਵਿੱਚ ਰਿਕਾਰਡ ਕਰਵਾਏ। ਤੁਰਦੀ ਫਿਰਦੀ ਲਾਇਬ੍ਰੇਰੀ ਵੀ ਸੰਧੂ ਸਾਹਿਬ ਨੂੰ ਅਕਸਰ ਕਿਹਾ ਜਾਂਦਾ ਹੈ। ਫਿਲਮੀ ਦੁਨੀਆ ਦੇ ਕਿਸੇ ਸਿਤਾਰੇ ਜਾਂ ਪੰਜਾਬੀ ਗਾਇਕਾਂ ਦੀ ਫੋਟੋ ਵੀ ਜੇ ਕਿਤੇ ਕੈਸਟ ਦੇ ਰੈਪਰ ਜਾਂ ਪੋਸਟਰ ਤੇ ਲੱਗਣੀ ਹੋਵੇ ਤਾਂ ਵੱਡੀਆਂ ਸੰਗੀਤਕ ਕੰਪਨੀਆ ਸੰਧੂ ਸਾਹਿਬ ਤੋਂ ਹੀ ਸਿੱਧਾ ਸੰਪਰਕ ਕਰਕੇ ਹੁਣ ਤੱਕ ਮੰਗਵਾਉਂਦੀਆਂ ਰਹੀਆਂ।

ਬਹੁਤ ਨਿੱਘੇ ਸੁਭਾਅ ਦੇ ਮਾਲਕ ਹਰ ਕਿਸੇ ਨੂੰ ਮਿਠੀਆਂ ਗੱਲਾਂ ਨਾਲ ਮੋਹ ਲੈਣ ਵਾਲੀ ਇਸ ਸ਼ਖ਼ਸੀਅਤ ਨੂੰ ਬਹੁਤ ਸਾਰੇ ਲੋਕ ਸ਼ਾਇਦ ਗੀਤਕਾਰ ਦੇ ਤੌਰ ਤੇ ਹੀ ਜਾਣਦੇ ਹੋਣ। ਇਥੇ ਇਹ ਜਿਕਰ ਕਰਨਾ ਜਰੂਰ ਬਣਦਾ ਕਿ ਇਸ ਨਵੇਂ ਤੇ ਪਹਿਲੇ ਕਾਵਿ ਸੰਗ੍ਰਿਹ ਤੋਂ ਪਹਿਲਾਂ ਸ਼ਮਸ਼ੇਰ ਸਿੰਘ ਸੰਧੂ ਜੀ ਆਪਣੀਆਂ ਲਿਖੀਆਂ ਕਿਤਾਬਾਂ ਜੋ ਣੀ ਸੰਗ੍ਰਿਹ) ਪੰਜਾਬੀ ਕਹਾਣੀ ਦਾ ਅੱਜ (ਸੰਪਾਦਿਕ ਕਹਾਣੀ ਸੰਗ੍ਰਿਹ) ਲੋਕ ਸੁਰਾਂ (ਗਾਇਕਾਂ ਦੇ ਰੇਖਾ ਚਿੱਤਰ) ਸੁਰ ਦਰਿਆਓਂ ਪਾਰ ਦੇ (ਪਾਕਿਸਤਾਨੀ ਗਾਇਕਾਂ ਬਾਰੇ) ਇੱਕ ਪਾਸ਼ ਇਹ ਵੀ, ਮੇਰੇ ਚੋਣਵੇਂ ਗੀਤ, ਤੇਰੇ 'ਚ ਤੇਰਾ ਯਾਰ ਬੋਲਦਾ (ਗੀਤ ਸੰਗ੍ਰਿਹ) ਸੁਰ ਪੰਜ ਦਰਿਆਵਾਂ ਦੇ (ਪੰਜਾਬੀ ਲੋਕ ਗਾਇਕਾਂ ਦੇ ਸ਼ਬਦ ਚਿੱਤਰ) ਪਾਠਕਾਂ ਦੀ ਝੋਲੀ ਪਾ ਚੁੱਕੇ ਹਨ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਕੋਈ ਦਿਓ ਜਵਾਬ (ਕਹਾਣੀ ਸੰਗ੍ਰਿਹ) ਪੰਜਾਬੀ ਕਹਾਣੀ ਦਾ ਅੱਜ (ਸੰਪਾਦਿਕ ਕਹਾਣੀ ਸੰਗ੍ਰਿਹ) ਲੋਕ ਸੁਰਾਂ (ਗਾਇਕਾਂ ਦੇ ਰੇਖਾ ਚਿੱਤਰ) ਸੁਰ ਦਰਿਆਓਂ ਪਾਰ ਦੇ (ਪਾਕਿਸਤਾਨੀ ਗਾਇਕਾਂ ਬਾਰੇ) ਇੱਕ ਪਾਸ਼ ਇਹ ਵੀ, ਮੇਰੇ ਚੋਣਵੇਂ ਗੀਤ, ਤੇਰੇ 'ਚ ਤੇਰਾ ਯਾਰ ਬੋਲਦਾ (ਗੀਤ ਸੰਗ੍ਰਿਹ) ਸੁਰ ਪੰਜ ਦਰਿਆਵਾਂ ਦੇ (ਪੰਜਾਬੀ ਲੋਕ ਗਾਇਕਾਂ ਦੇ ਸ਼ਬਦ ਚਿੱਤਰ)

ਕੁਝ ਦਿਨ ਪਹਿਲਾਂ ਨਵੇਂ ਆਏ ਕਾਵਿ ਸੰਗ੍ਰਿਹ "ਕਿੱਥੇ ਖੋ ਗਏ ਚੱਜ ਦੇ ਬੰਦੇ" ਲੋਕ ਅਰਪਣ ਕੀਤਾ ਗਿਆ ਹੈ। ਨਵੇਂ ਆਏ ਕਾਵਿ ਸੰਗ੍ਰਿਹ ਵਿੱਚੋਂ ਕੁਝ ਸਤਰਾਂ ਦੀ ਆਪ ਸਭ ਨਾਲ ਸਾਂਝ -

ਅੱਗ ਦਾ ਦਰਿਆ ਤਰ ਜਾਂਦੇ ਸੀ
ਦਿਲ ਦੀ ਪੁਸਤਕ ਪੜ੍ਹ ਜਾਂਦੇ ਸੀ
ਹੱਸ ਕੇ ਦੁੱਖ ਨੂੰ ਜਰ ਜਾਂਦੇ ਸੀ
ਕਮਜ਼ੋਰ ਨਾਲ ਖੜ੍ਹ ਜਾਂਦੇ ਸੀ
"ਕਿੱਥੇ ਖੋ ਗਏ ਚੱਜ ਦੇ ਬੰਦੇ"
ਕਿਨੇ ਲੁਕੋ ਲਏ ਚੱਜ ਦੇ ਬੰਦੇ,
ਰੋ ਪੈਂਦੇ ਸੀ ਹੱਸਦੇ ਹੱਸਦੇ
ਚੁੱਪ ਹੋ ਜਾਂਦੇ ਦੁੱਖ ਨੂੰ ਦੱਸਦੇ
ਨੰਗ ਦੇਖ ਸ਼ਰਮਾ ਜਾਂਦੇ ਸੀ
ਸੁਣ ਸਿਫਤਾਂ ਘਬਰਾ ਜਾਂਦੇ ਸੀ
ਗੁੱਸੇ ਨੂੰ ਪੀ ਖਾ ਜਾਂਦੇ ਸੀ
ਵਾਅਦੇ ਸਦਾ ਨਿਭਾ ਜਾਂਦੇ ਸੀ,,,,,
ਚੱਜ ਦੇ ਬੰਦੇ ਸਦਾ ਹੀ ਹੁੰਦੇ ਰੂਹ ਦੇ ਪਿਆਸੇ
ਚੱਜ ਦੇ ਬੰਦੇ ਸਦਾ ਹੀ ਹੁੰਦੇ ਘੋਰ ਉਦਾਸੇ
ਚੱਜ ਦੇ ਬੰਦੇ ਦੁਖੀਆਂ ਨੂੰ ਸਦਾ ਦੇਣ ਦਿਲਾਸੇ
ਚੱਜ ਦੇ ਬੰਦੇ ਦੁੱਖ ਸਹਿ ਕੇ ਵੰਡਦੇ ਹਾਸੇ
ਜਾਂ ਤਾਂ ਕਿਧਰੋਂ ਢੂੰਡ ਲਿਆਈਏ ਚੱਜ ਦੇ ਬੰਦੇ
ਜਾਂ ਫਿਰ ਆਪਾਂ ਹੀ ਬਣ ਜਾਈਏ ਚੱਜ ਦੇ ਬੰਦੇ।

ਕਵੀ ਦੇ ਦਿਲ ਦੀ ਹੂਕ ਉਸ ਦੀ ਅੰਦਰੂਨੀ ਸੋਚ ਤੇ ਰੂਹਾਨੀਅਤ ਦੀਆਂ ਬਾਤਾਂ ਪਾਉਂਦਾ ਇਹ ਕਾਵਿ ਸੰਗ੍ਰਿਹ ਰੱਬ ਕਰੇ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਹਰੇਕ ਦੇ ਹੱਥਾਂ 'ਚ ਹੋਵੇ। ਲੰਮਾ ਸਮਾਂ ਪੰਜਾਬੀ ਟ੍ਰਿਬਿਊਨ ਵਿੱਚ ਆਡੀਟਰ ਰਹਿ ਚੁੱਕੇ ਸ਼ਮਸ਼ੇਰ ਸੰਧੂ ਜੀ ਪਿੰਡ "ਮਦਾਰਾ" ਤੋਂ ਚੰਡੀਗੜ੍ਹ ਜਿਹੇ ਨੱਠ ਭੱਜ ਦੀ ਦੌੜ ਵਿੱਚ ਅਲੀਸ਼ਾਨ ਤਰੀਕੇ ਨਾਲ ਪੰਜਾਬੀਅਤ ਦੇ ਰੰਗ ਵਿੱਚ ਰੰਗੇ ਹੋਏ ਬਹੁਤ ਹੀ ਵਧੀਆ ਤਰੀਕੇ ਨਾਲ ਬਤੀਤ ਕਰ ਰਿਹੇ ਹਨ। ਅੱਜਕੱਲ ਦੇ ਬਹੁਤੇ ਪੋਡਕਾਸਟਾਂ ਵਿੱਚ ਸੰਧੂ ਸਾਹਿਬ ਦੇ ਬੀਤੇ ਸਮੇਂ ਦੀ ਝਾਤ ਪਾਉਂਦੀਆਂ ਤਜ਼ਰਬੇਕਾਰ ਗੱਲਾਂ ਸੁਣ ਕੇ ਰੂਹ ਤਾਂ ਖੁਸ਼ ਹੁੰਦੀ ਹੀ ਹੈ ਤੇ ਬੰਦਾ ਕੁਝ ਕਰ ਕੇ ਦਿਖਾਉਣ ਦੇ ਜਜ਼ਬੇ ਦੇ ਗੁਣ ਵੀ ਸਿੱਖਦਾ ਹੈ।

ਮੇਰੇ ਸਤਿਕਾਰਯੋਗ ਉਸਤਾਦ ਗੀਤਕਾਰ "ਹਰਵਿੰਦਰ ਉਹੜਪੁਰੀ" ਜੀ ਦੇ ਗੁਰੂ ਜੀ ਅਤੇ ਮੇਰੇ ਦਾਦਾ ਗੁਰੂ "ਸ਼ਮਸ਼ੇਰ ਸੰਧੂ" ਜੀ ਨੂੰ ਸਾਡੇ ਸਾਰੇ ਲੇਖਕਾਂ ਕਵੀਆਂ ਸਾਹਿਤਕਾਰਾਂ ਵਲੋਂ ਉਹਨਾਂ ਦੇ ਇਸ ਕਾਵਿ ਸੰਗ੍ਰਿਹ "ਕਿੱਥੇ ਖੋ ਚੱਜ ਦੇ ਬੰਦੇ" ਨੂੰ ਵਿਸ਼ਵ ਭਰ ਵਿੱਚ ਰਿਲੀਜ਼ ਹੋਣ ਤੇ ਬਹੁਤ ਸਾਰੀਆਂ ਮੁਬਾਰਕਾਂ।

CANADIAN TRUCK TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI



Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਕੀ ਹੈ HMPV?

## ਕਿੰਨਾ ਖ਼ਤਰਨਾਕ ਹੈ ਇਹ ਵਾਇਰਸ!

ਭਾਰਤ ਵਿੱਚ ਸੋਮਵਾਰ, 6 ਜਨਵਰੀ ਨੂੰ ਹਿਊਮਨ ਮੈਟਾਪਨੀਓਮੋਵਾਇਰਸ (ਐਚਐਮਪੀਵੀ) ਦੇ ਪੰਜ ਮਾਮਲੇ ਸਾਹਮਣੇ ਆਏ। ਇਨ੍ਹਾਂ ਵਿੱਚੋਂ ਦੋ ਕੇਸਾਂ ਦੀ ਪਛਾਣ ਕਰਨਾਟਕ ਵਿੱਚ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ICMR) ਦੁਆਰਾ ਵੱਖ-ਵੱਖ ਸਾਹ ਦੇ ਵਾਇਰਲ ਰੋਗਾਣੂਆਂ ਲਈ ਰੁਟੀਨ ਨਿਗਰਾਨੀ ਰਾਹੀਂ ਕੀਤੀ ਗਈ ਸੀ। ਬਾਅਦ ਵਿੱਚ ਚੇਨਈ ਵਿੱਚ ਹੋਰ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ, ਇੱਕ ਹੋਰ ਅਹਿਮਦਾਬਾਦ ਵਿੱਚ ਪਾਇਆ ਗਿਆ।

ਕੇਂਦਰ ਅਤੇ ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ (ICMR) ਸਮੇਤ ਭਾਰਤ ਦੇ ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਦੇਸ਼ ਵਿੱਚ ਹਿਊਮਨ ਮੈਟਾਪਨੀਓਮੋਵਾਇਰਸ (HMPV) ਦੇ ਪੰਜ ਕੇਸਾਂ ਦਾ ਪਤਾ ਲੱਗਣ ਤੋਂ ਬਾਅਦ ਘਬਰਾਉਣ ਦੀ ਕੋਈ ਲੋੜ ਨਹੀਂ ਹੈ।

ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨੇ ਜਨਤਾ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ, "ਚਿੰਤਾ ਦਾ ਕੋਈ ਕਾਰਨ ਨਹੀਂ ਹੈ," ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਦੇ ਸਿਹਤ ਸੰਭਾਲ ਪ੍ਰਣਾਲੀਆਂ ਅਤੇ ਨਿਗਰਾਨੀ ਨੈੱਟਵਰਕ ਕਿਸੇ ਵੀ ਸੰਭਾਵੀ ਸਿਹਤ ਖਤਰੇ ਨਾਲ ਨਜਿੱਠਣ ਲਈ ਸੁਚੇਤ ਅਤੇ ਪੂਰੀ ਤਰ੍ਹਾਂ ਤਿਆਰ ਹਨ।

ਹਾਲਾਂਕਿ, ਹੈਸ਼ਟੈਗ #Lockdown ਸੋਸ਼ਲ ਮੀਡੀਆ 'ਤੇ ਟ੍ਰੈਂਡ ਕਰ ਰਿਹਾ ਹੈ, ਉਪਭੋਗਤਾ ਸਥਿਤੀ ਨੂੰ ਕੋਵਿਡ-19 ਮਹਾਂਮਾਰੀ ਨਾਲ ਜੋੜਦੇ ਹਨ, ਜਿਸ ਕਾਰਨ ਗਲੋਬਲ ਲਾਕਡਾਊਨ ਹੋਇਆ।

**ਹਿਊਮਨ ਮੈਟਾਪਨੀਊਮੋਵਾਇਰਸ (HMPV) ਕੀ ਹੈ?**

ਹਿਊਮਨ ਮੈਟਾਪਨੀਓਮੋਵਾਇਰਸ (HMPV) ਇੱਕ ਵਾਇਰਲ ਜਰਾਸੀਮ ਹੈ ਜੋ ਹਰ ਉਮਰ ਦੇ ਲੋਕਾਂ ਵਿੱਚ ਸਾਹ ਦੀ ਲਾਗ ਦਾ ਕਾਰਨ ਬਣਦਾ ਹੈ। 2001 ਵਿੱਚ ਸਭ ਤੋਂ ਪਹਿਲਾਂ ਪਛਾਣਿਆ ਗਿਆ, ਇਹ ਹਲਕੇ ਜ਼ੁਕਾਮ ਵਰਗੇ ਲੱਛਣਾਂ ਤੋਂ ਲੈ ਕੇ ਸਾਹ ਦੀਆਂ ਗੰਭੀਰ ਜਟਿਲਤਾਵਾਂ ਤੱਕ, ਕਈ ਬਿਮਾਰੀਆਂ ਦਾ ਕਾਰਨ ਵਜੋਂ ਜਾਣਿਆ ਜਾਂਦਾ ਹੈ। ਕਮਜ਼ੋਰ ਅਬਾਦੀ, ਜਿਵੇਂ ਕਿ ਨਿਆਣੇ, ਬਜ਼ੁਰਗ ਬਾਲਗ, ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀ, ਵਾਇਰਸ ਤੋਂ ਗੰਭੀਰ ਸਿਹਤ ਸਮੱਸਿਆਵਾਂ ਦੇ ਵਿਕਾਸ ਦੇ ਵੱਧ ਜੋਖਮ ਵਿੱਚ ਹੁੰਦੇ ਹਨ।

ਸੰਭਾਵੀ ਪ੍ਰਕੋਪ ਬਾਰੇ ਸੋਸ਼ਲ ਮੀਡੀਆ 'ਤੇ ਕੁਝ ਚਿੰਤਾਵਾਂ ਦੇ ਬਾਵਜੂਦ, ਖਾਸ ਤੌਰ 'ਤੇ ਚੀਨ ਵਿੱਚ ਐਚਐਮਪੀਵੀ ਕੇਸਾਂ ਵਿੱਚ ਵਾਧੇ ਦੀਆਂ ਖ਼ਬਰਾਂ ਤੋਂ ਬਾਅਦ, ਭਾਰਤ ਦੇ ਸਿਹਤ ਅਧਿਕਾਰੀਆਂ ਨੇ ਜਨਤਾ ਨੂੰ ਭਰੋਸਾ ਦਿਵਾਇਆ ਹੈ। ਵਾਇਰਸ ਨਵਾਂ ਨਹੀਂ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਭਾਰਤ ਸਮੇਤ ਵਿਸ਼ਵ ਪੱਧਰ 'ਤੇ ਫੈਲ ਰਿਹਾ ਹੈ। ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ਼ (DGHS) ਤੋਂ ਡਾ. ਅਤੁਲ ਗੋਇਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਐਚਐਮਪੀਵੀ ਸਾਹ ਦੇ ਦੂਜੇ ਆਮ ਵਾਇਰਸਾਂ ਦੇ ਸਮਾਨ ਹੈ, ਜਿਵੇਂ ਕਿ ਫਲੂ ਜਾਂ ਜ਼ੁਕਾਮ ਦਾ ਕਾਰਨ ਬਣਦੇ ਹਨ। ਬਜ਼ੁਰਗਾਂ ਅਤੇ ਛੋਟੇ ਬੱਚਿਆਂ ਵਿੱਚ, ਇਹ ਫਲੂ ਵਰਗੇ ਲੱਛਣਾਂ ਦਾ ਕਾਰਨ ਬਣ ਸਕਦਾ ਹੈ, ਪਰ ਇਹ ਚਿੰਤਾ ਦਾ ਕਾਰਨ ਨਹੀਂ ਹੈ।

ਡਾ: ਹਰਸ਼ਲ ਆਰ. ਸਾਲਵੇ, ਏਮਜ਼, ਨਵੀਂ ਦਿੱਲੀ ਦੇ ਇੱਕ ਐਡੀਸ਼ਨਲ ਪ੍ਰੋਫੈਸਰ, ਨੇ ਇਹ ਵੀ ਦੱਸਿਆ ਕਿ ਕਿਉਂਕਿ ਐਚਐਮਪੀਵੀ ਸਾਲਾਂ ਤੋਂ ਪ੍ਰਸਾਰਿਤ ਹੋ ਰਿਹਾ ਹੈ, ਜ਼ਿਆਦਾਤਰ ਭਾਰਤੀ ਆਬਾਦੀ ਨੂੰ ਪਹਿਲਾਂ ਹੀ ਇਸ ਤੋਂ ਕੁਝ ਛੋਟ ਹੈ। ਵਾਇਰਸ ਕੋਈ ਨਵਾਂ ਖ਼ਤਰਾ ਨਹੀਂ ਹੈ ਅਤੇ ਇਸ ਦੇ ਵਿਆਪਕ ਚਿੰਤਾ ਦਾ ਕਾਰਨ ਬਣਨ ਦੀ ਉਮੀਦ ਨਹੀਂ ਹੈ।

ਉਧਰ, ਕਰਨਾਟਕ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਅੱਜ ਸਵੇਰੇ ਬੈਂਗਲੁਰੂ ਵਿੱਚ ਦੋ ਮਾਮਲਿਆਂ ਦਾ ਪਤਾ ਲੱਗਣ ਤੋਂ ਬਾਅਦ ਹਿਊਮਨ ਮੈਟਾਪਨੀਓਮੋਵਾਇਰਸ (ਐਚਐਮਪੀਵੀ) ਬਾਰੇ ਕੋਈ ਵਿਸ਼ੇਸ਼ ਕਾਰਵਾਈ ਨਹੀਂ ਕੀਤੀ ਜਾਵੇਗੀ। ਰਾਜ ਦੇ ਸਿਹਤ ਮੰਤਰਾਲੇ ਨੇ ਜਨਤਾ ਨੂੰ ਭਰੋਸਾ ਦਿਵਾਇਆ ਕਿ ਜਦੋਂ ਕਿ ਐਚਐਮਪੀਵੀ ਭਾਰਤ ਵਿੱਚ ਮੌਜੂਦ ਹੈ, ਉੱਥੇ ਇਨਫਲੂਐਂਜ਼ਾ ਵਰਗੀਆਂ ਬਿਮਾਰੀਆਂ (ਆਈਐਲਆਈ) ਵਿੱਚ ਕੋਈ ਵਾਧਾ ਨਹੀਂ ਹੋਇਆ ਹੈ ਜੋ ਹੋਰ ਚਿੰਤਾ ਦੀ ਲੋੜ ਹੋਵੇਗੀ।

ਐਕਸ 'ਤੇ ਇੱਕ ਪੋਸਟ ਵਿੱਚ, ਕਰਨਾਟਕ ਦੇ ਸਿਹਤ ਮੰਤਰੀ ਦਿਨੇਸ਼ ਗੁੰਡੂ ਰਾਓ ਨੇ ਲਿਖਿਆ, "ਘਬਰਾਉਣ ਦੀ ਕੋਈ ਲੋੜ ਨਹੀਂ, ਐਚਐਮਪੀਵੀ ਵਾਇਰਸ ਭਾਰਤ ਵਿੱਚ ਦਹਾਕਿਆਂ ਤੋਂ ਮੌਜੂਦ ਹੈ। ਇਹ ਆਮ ਜ਼ੁਕਾਮ ਜਾਂ ਫਲੂ ਵਰਗਾ ਵਿਵਹਾਰ ਕਰਦਾ ਹੈ। ਅੱਗੇ ਦੇ ਪ੍ਰਸਾਰਣ ਨੂੰ ਰੋਕਣ ਲਈ ਸਾਰੀਆਂ ਜ਼ਰੂਰੀ ਸਾਵਧਾਨੀਆਂ ਵਰਤੀਆਂ ਗਈਆਂ ਹਨ। ਸਿਹਤ ਵਿਭਾਗ ਮਾਮਲਿਆਂ ਦਾ ਪ੍ਰਬੰਧਨ ਕਰਨ ਅਤੇ ਕਮਿਊਨਿਟੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ, ਸਵੱਛਤਾ ਅਭਿਆਸਾਂ ਦੀ ਪਾਲਣਾ ਕਰੋ ਅਤੇ ਸਹੀ ਸਰੋਤਾਂ ਤੋਂ ਪ੍ਰਮਾਣਿਕ ਅੱਪਡੇਟ 'ਤੇ ਭਰੋਸਾ ਕਰੋ।

ਚੀਨ ਵਿੱਚ ਪ੍ਰਕੋਪ ਦਿਖਾਉਂਦੇ ਹੋਏ ਅਣ-ਡਾਟੇਡ ਵੀਡੀਓ ਵਾਇਰਲ ਹੋ ਰਿਹਾ ਹੈ

ਜਿਵੇਂ ਹੀ ਚੀਨ ਵਿੱਚ ਵਾਇਰਸ ਦੀ ਮੌਜੂਦਗੀ ਦੀ ਖ਼ਬਰ ਫੈਲੀ, ਬਹੁਤ ਸਾਰੇ ਸੋਸ਼ਲ ਮੀਡੀਆ 'ਤੇ ਗਏ, ਮੌਜੂਦਾ ਸਥਿਤੀ ਅਤੇ COVID-19 ਮਹਾਂਮਾਰੀ ਦੇ ਸ਼ੁਰੂਆਤੀ ਦਿਨਾਂ ਵਿਚਕਾਰ ਤੁਲਨਾ ਕਰਦੇ ਹੋਏ। 2019 ਵਿੱਚ, ਕੋਵਿਡ-19 ਵੁਹਾਨ, ਚੀਨ ਵਿੱਚ ਉਭਰਿਆ, ਅਤੇ 2020 ਦੇ ਸ਼ੁਰੂ ਵਿੱਚ ਭਾਰਤ ਸਮੇਤ ਵਿਸ਼ਵ ਪੱਧਰ 'ਤੇ ਤੇਜ਼ੀ ਨਾਲ ਫੈਲ ਗਿਆ। ਇਸ ਨਾਲ ਮਹੱਤਵਪੂਰਨ ਜਨਤਕ ਚਿੰਤਾ ਹੋਈ ਅਤੇ ਆਖਰਕਾਰ, ਇੱਕ ਵਿਸ਼ਵਵਿਆਪੀ ਮਹਾਂਮਾਰੀ ਹੋ ਗਈ। ਹਾਲਾਂਕਿ, ਮਾਹਰਾਂ ਨੇ ਜ਼ੋਰ ਦਿੱਤਾ ਹੈ ਕਿ HMPV ਕੋਵਿਡ-19 ਨਾਲੋਂ ਬਹੁਤ ਘੱਟ ਖਤਰਨਾਕ ਹੈ ਅਤੇ ਇਸ ਤਰ੍ਹਾਂ ਦਾ ਖਤਰਾ ਪੈਦਾ ਨਹੀਂ ਕਰਦਾ।


**HMPV ਤੋਂ ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਕਰੀਏ?**


ਹਾਲਾਂਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਆਪਣੇ ਆਪ ਨੂੰ ਸਾਹ ਦੀਆਂ ਲਾਗਾਂ ਤੋਂ ਬਚਾਉਣ ਲਈ ਸਾਵਧਾਨੀ ਵਰਤਣਾ ਹਮੇਸ਼ਾ ਅਕਲਮੰਦੀ ਦੀ ਗੱਲ ਹੈ। ਫਲੂ ਵਰਗੇ ਵਾਇਰਸਾਂ ਦੇ ਫੈਲਣ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਇੱਥੇ ਕੁਝ ਜ਼ਰੂਰੀ ਕੀ ਕਰਨੇ ਅਤੇ ਨਾ ਕਰਨੇ ਹਨ:

**ਇਹ ਕੰਮ ਕਰੋ:**

- ਖੰਘਣ ਜਾਂ ਛਿੱਕਣ ਵੇਲੇ ਆਪਣੇ ਮੂੰਹ ਅਤੇ ਨੱਕ ਨੂੰ ਰੁਮਾਲ ਜਾਂ ਟਿਸ਼ੂ ਨਾਲ ਢੱਕੋ।
- ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਆਪਣੇ ਹੱਥ ਧੋਵੋ, ਜਾਂ ਅਲਕੋਹਲ-ਅਧਾਰਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ।
- ਜੇਕਰ ਤੁਹਾਨੂੰ ਬੁਖਾਰ, ਖੰਘ ਜਾਂ ਛਿੱਕ ਆਉਣ ਵਰਗੇ ਲੱਛਣ ਹਨ ਤਾਂ ਜਨਤਕ ਥਾਵਾਂ ਤੋਂ ਦੂਰ ਰਹੋ।
- ਹਾਈਡਰੇਟਿਡ ਰਹੋ, ਪੌਸ਼ਟਿਕ ਖੁਰਾਕ ਖਾਓ, ਅਤੇ ਚੰਗੀ ਸਿਹਤ ਬਣਾਈ ਰੱਖੋ।
- ਲਾਗ ਦੇ ਜੋਖਮਾਂ ਨੂੰ ਘਟਾਉਣ ਲਈ ਅੰਦਰੂਨੀ ਖੇਤਰਾਂ ਵਿੱਚ ਚੰਗੀ ਹਵਾਦਾਰੀ ਨੂੰ ਯਕੀਨੀ ਬਣਾਓ।

# ਠੰਢ ਦੌਰਾਨ ਖੰਘ ਨੇ ਕੀਤਾ ਪ੍ਰੇਸ਼ਾਨ



**Anil Dheer**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

"ਮਾਈਨਸ ਤਾਪਮਾਨ, ਤੇਜ਼ ਠੰਢੀਆਂ ਹਵਾਵਾਂ ਦੌਰਾਣ ਸ਼ੁਰੂ ਵਿੱਚ ਗਲੇ ਅੰਦਰ ਖਰਾਸ਼ ਤੇ ਸੁੱਕੀ-ਗਿੱਲੀ ਖਾਂਸੀ, ਜ਼ੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ ਤੇ ਛਾਤੀ ਵਿੱਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿੱਚ ਕਮਜੋਰ ਤੇ ਬੁਜ਼ੁਰਗਾਂ ਲਈ ਬਾਰ-ਬਾਰ ਥੁਕਨਾ ਮੁਸ਼ਕਲ ਹੋ ਜਾਂਦਾ ਹੈ- ਅਨਿਲ ਧੀਰ (ਡਾ.). ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸਲ ਐਕਟੀਵਿਸਟ

**ਹੈਲਥ ਮੀਡੀਆ ਕੇਨੈਡਾ :** ਫੇਫੜਿਆਂ ਦੀ ਆਮ ਬਿਮਾਰੀ ਖੰਘ ਦਾ ਹਰ ਮੌਸਮ ਸਰਦੀ, ਗਰਮੀ 'ਤੇ ਬਰਸਾਤ ਵਿੱਚ ਅਸਰ ਦੇਖਿਆ ਜਾਂਦਾ ਹੈ। ਠੰਢ ਦੌਰਾਣ ਬੱਚੇ, ਨੌਜ਼ਵਾਨ ਤੇ ਬਜ਼ੁਰਗਾਂ ਲਈ ਸੁੱਕੀ-ਗਿੱਲੀ ਖੰਘ ਵਿੱਚ ਕੋਈ ਵੀ ਕੰਮ ਕਰਨਾ ਔਖਾ ਹੀ ਨਹੀਂ ਕਦੇ-ਕਦੇ ਨਾਮੁਮਕਿਨ ਵੀ ਹੋ ਜਾਂਦਾ ਹੈ। ਸ਼ੁਰੂ ਵਿੱਚ ਗਲੇ ਅੰਦਰ ਖਰਾਸ਼ ਤੇ ਸੁੱਕੀ ਖਾਂਸੀ, ਜ਼ੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ ਤੇ ਛਾਤੀ ਵਿੱਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿੱਚ ਕਮਜੋਰ ਤੇ ਬੁਜ਼ੁਰਗਾਂ ਲਈ ਬਾਰ-ਬਾਰ ਥੁਕਨਾ ਮੁਸ਼ਕਿਲ ਹੋ ਜਾਂਦਾ ਹੈ। ਖੰਘ ਸਰੀਰ ਅੰਦਰ ਪ੍ਰਤੀਕਰਮ ਦਾ ਤਰੀਕਾ ਹੈ ਜਦੋਂ ਕੋਈ ਚੀਜ ਗਲੇ ਅੰਦਰ ਹਵਾ ਦੇ ਰਸਤੇ ਨੂੰ ਪਰੇਸ਼ਾਨ ਕਰਦੀ ਹੈ। ਚਿੜਚਿੜੇਪਨ ਤੰਤੂਆਂ ਨੂੰ ਉਤੇਜਿਤ ਕਰਕੇ ਦਿਮਾਗ ਨੂੰ ਸੰਦੇਸ਼ ਭੇਜਦੇ ਹਨ। ਦਿਮਾਗ ਛਾਤੀ ਅਤੇ ਪੇਟ ਦੀਆਂ ਮਾਸਪੇਸ਼ੀਆਂ ਦੇ ਐਕਸ਼ਨ ਨਾਲ ਫੇਫੜਿਆਂ ਅੰਦਰੋਂ ਹਵਾ ਦੇ ਧੱਕੇ ਨਾਲ ਬਾਹਰ ਆਉਣ ਦੀ ਕ੍ਰਿਆ ਨੂੰ ਖੰਘ ਕਿਹਾ ਜਾਂਦਾ ਹੈ।

ਮਿੱਟੀ- ਘੱਟੇ ਵਾਲਾ, ਜਿਆਦਾ ਹੀਟ ਤੇ ਠੰਢ ਦੇ ਮਾਹੋਲ ਤੇ ਮੌਸਮ ਵਿਚ ਬਦਲਾਅ, ਅਲਰਜ਼ੀ, ਕਮਜੋਰ ਫੇਫੜੇ, ਨਮੂਨਿਆ, ਦਮਾ, ਰਹਿਣ ਕਰਕੇ ਖਾਂਸੀ ਸ਼ੁਰੂ ਹੋ ਜਾਂਦੀ ਹੈ। ਖੰਘ ਦੀ ਹਾਲਤ ਵਿਚ ਨੀਂਦ ਨਾ ਆਉਣ ਕਰਕੇ ਸਿਰ ਦਰਦ, ਚੱਕਰ ਆਉਣਾ ਦੇ ਨਾਲ ਲਗਾਤਾਰ ਥਕਾਵਟ ਮਹਿਸੂਸ ਹੁੰਦੀ ਹੈ। ਆਮ ਹਾਲਤ ਵਿੱਚ ਖਿਆਲ ਨਾ ਰੱਖਣ ਨਾਲ ਬਿਮਾਰੀ ਵੱਧ ਜਾਂਦੀ ਹੈ। ਠੰਡ ਵਿੱਚ ਛੋਟੇ ਬਚਿਆਂ ਦਾ ਖਾਸ ਖਿਆਲ ਰੱਖੋ। ਖੰਘ ਤੋਂ ਤੰਗ ਲੋਕ ਖੰਘ ਦੀ ਆਮ ਹਾਲਤ ਵਿੱਚ ਘਰੇਲੂ ਰੇਮੇਡੀਜ਼ ਦਾ ਫਾਇਦਾ ਲੈ ਸਕਦੇ ਹਨ।

**ਆਪਣਾ ਖਿਆਲ ਰੱਖੋ:**

ਗਲੇ ਤੇ ਨੱਕ ਦੀ ਸਫਾਈ ਅਤੇ ਖੰਘ-ਜ਼ੁਕਾਮ ਦੀ ਹਾਲਤ ਵਿੱਚ 2-3 ਬਾਰ ਸਟੀਮ (ਭਾਫ) ਲਵੋ। ਘਰ ਅੰਦਰ ਪਤੀਲੇ ਵਿੱਚ ਪਾਣੀ, ਚੁਟਕੀ ਨਮਕ ਪਾ ਕੇ ਉਬਾਲੋ।

ਮੂੰਹ-ਸਿਰ ਟਾਵਲ ਨਾਲ ਢੱਕ ਗਰਮ ਪਤੀਲੇ ਤੋਂ ਮੂੰਹ ਥੋੜਾ ਦੂਰ ਰੱਖ ਕੇ ਲੰਬਾ ਸਾਹ ਲੈਂਦੇ ਹੋਏ ਭਾਫ ਲੈਣ ਨਾਲ ਆਰਾਮ ਮਿਲਦਾ ਹੈ।

ਕੁੱਝ ਲੋਕ ਲਾਂਡਰੀ ਡਿਟਰਜੈਂਟਾਂ ਅਤੇ ਏਅਰ ਫਰੈਸ਼ਨਰਾਂ 'ਚ ਅੱਤਰ ਅਤੇ ਖੁਸ਼ਬੂਆਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਇਹ ਸਾਈਨਸ ਨੂੰ ਪ੍ਰੇਸ਼ਾਨ ਕਰਕੇ ਬਲਗਮ ਨੂੰ ਹੋਰ ਵਧਾ ਦਿੰਦਾ ਹੈ। ਜੇਕਰ ਤੁਹਾਨੂੰ ਕਿਸੇ ਚੀਜ਼ ਤੋਂ ਅਲਰਜੀ ਹੈ ਤਾਂ ਇਹ ਐਲਰਜੀਨ ਇੱਕ ਪ੍ਰਤੀਕ੍ਰਿਆ ਦਾ ਕਾਰਨ ਬਣ ਜਾਂਦੇ ਹਨ।

ਆਪਣੇ ਰੂਮ ਦੀ ਬੈਡ-ਸ਼ੀਟ, ਪਿਲੋ-ਕਵਰ ਅਤੇ ਕੰਫਟਰ ਨੂੰ ਐਂਟੀ-ਬੈਕਟੀਰੀਅਲ ਲਿਕੁਇਡ ਤੇਜ਼ ਗਰਮ ਪਾਣੀ ਨਾਲ ਕਲੀਨ ਕਰਨੇ ਚਾਹੀਦੇ ਹਨ।

ਆਈਸਕ੍ਰੀਮ, ਕੋਲਡ ਡ੍ਰਿੰਕਸ, ਜੰਕ-ਫੂਡ ਯਾਨਿ ਤਲੀਆਂ, ਮਸਾਲੇਦਾਰ ਤੇ ਖੱਟੇ ਪਦਾਰਥਾਂ ਦਾ ਸੇਵਨ ਨਾ ਕਰੋ।

ਗਰਮ ਪਾਣੀ ਵਿੱਚ ਸ਼ਹਿਦ ਮਿਕਸ ਕਰਕੇ ਲਗਾਤਾਰ ਪੀਓ। ਘਰੇਲੂ ਗਰਮ ਮਿਕਸ ਵੇਜ਼ੀਟੇਬਲ ਤੇ ਚਿਕਨ ਸੂਪ ਕਾਲੀ ਮਿਰਚ ਪਾਉਡਰ ਮਿਲਾ ਕੇ ਬਾਰ-ਬਾਰ ਇਸਤੇਮਾਲ ਕਰੋ। ਅਦਰਕ-ਕਾਲੀ ਮਿਰਚ, ਸ਼ਹਿਦ ਵਾਲੀ ਜਾਂ ਦੇਸੀ ਚਾਹ ਸੇਵਨ ਕਰੋ।

ਛੋਟੇ ਬੱਚਿਆਂ ਨੂੰ ਸ਼ਹਿਦ ਚਟਾਓ। ਛਾਤੀ ਤੇ ਥੋੜੀ ਵਿਕਸ ਲਗਾ ਸਕਦੇ ਹੋ। ਛਾਤੀ ਤੇ ਘੱਟ ਗਰਮ ਸਰੌਂ ਦੇ ਤੇਲ ਦੀ ਮਾਲਿਸ਼ ਕਰਨੀ ਚਾਹੀਦੀ ਹੈ।

ਜਿਆਦਾ ਖਾਂਸੀ ਦੀ ਹਾਲਤ ਵਿੱਚ ਆਯੁਰਵੈਦਿਕ ਚੂਰਨ ਸਿਤੋਪਲਾਦੀ ਸ਼ਹਿਦ ਮਿਲਾ ਕੇ ਇਸਤੇਮਾਲ ਕਰੋ।

ਸੁੱਕੀ ਖੰਘ ਵਿੱਚ ਛੋਟੀ ਇਲਾਚੀ, ਲ਼ੌਂਗ, ਮਿਸਰੀ ਚੂਸਦੇ ਰਹੋ। ਤਬੇ ਤੇ ਮੁਨੱਕਾ ਭੁੱਨ ਕੇ ਚੂਸਣ ਨਾਲ ਰਾਹਤ ਮਿਲਦੀ ਹੈ।

ਬਲਗਮ ਵਾਲੀ ਖੰਘ ਵਿੱਚ ਗਰਮ ਦੁੱਧ ਹਲਦੀ ਪਾਉਡਰ, ਸ਼ਹਿਦ ਮਿਕਸ ਕਰਕੇ ਸੇਵਨ ਕਰੋ।

ਸ਼ਕੀਨੀ ਛੱਡੋ, ਘਰੋਂ ਬਾਹਰ ਜਾਣ ਵੇਲੇ ਬੱਚਿਆਂ ਦੇ ਤੇ ਆਪਣੇ ਮੌਸਮ ਮੁਤਾਬਕ ਕਪੜੇ ਪਾਓ।

ਸਿਗਰੇਟ, ਈ-ਸਿਗਰੇਟ, ਵੇਪਿੰਗ, ਦੀ ਆਦਤ ਛੱਡ ਕੇ ਅਤੇ ਸੈਕਿੰਡ ਹੈਂਡ ਧੂੰਏ ਵਾਲੇ ਮਾਹੋਲ ਤੋਂ ਆਪਣੇ-ਆਪ ਨੂੰ ਦੂਰ ਰੱਖੋ।

ਅਲਕੋਹਲ ਅਤੇ ਹਰ ਕਿਸਮ ਦੇ ਨਸ਼ੇ ਫੇਫੜਿਆਂ ਲਈ ਜ਼ਹਿਰ ਸਾਬਿਤ ਹੋ ਰਹੇ ਹਨ।

ਜੇ ਅਲਰਜੀ 'ਤੇ ਜ਼ੁਕਾਮ ਖੰਘ ਦਾ ਕਾਰਨ ਹੈ ਤਾਂ ਸਲੀਪ ਦੌਰਾਣ ਆਪਣਾ ਥੋੜਾ ਉਚਾ ਰੱਖੋ। ਜਦੋਂ ਤੁਸੀਂ ਲੇਟਦੇ ਹੋ, ਤਾਂ ਬਲਗਮ ਤੁਹਾਡੇ ਗਲੇ ਨੂੰ ਇਕੱਠਾ ਕਰਨ ਨਾਲ ਗਲੇ ਅੰਦਰ ਜਲਨ ਕਰ ਸਕਦੀ ਹੈ।

**ਨੋਟ:** ਅੱਜ ਵੀ ਕਈ ਵੇਰੀਏਂਟਸ ਦੇ ਚਲਦੇ ਹੋਏ ਲਗਾਤਾਰ ਸੁੱਕੀ ਤੇ ਬਲਗਮ ਵਾਲੀ ਖੰਘ ਦੀ ਹਾਲਤ ਵਿੱਚ ਲਾਪਰਵਾਹੀ ਨਾ ਵਰਤੋਂ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ। ਵਰਕ- ਪਲੇਸ 'ਤੇ ਕੰਮ ਦੌਰਾਣ ਮੂੰਹ ਢੱਕ ਕੇ ਅਤੇ ਸਹੀ ਦੂਰੀ ਬਣਾ ਕੇ ਰੱਖੋ। ਘਰ ਦੇ ਆਮ ਰੇਮੀਡੀਜ਼ ਨਾਲ ਠੀਕ ਨਾ ਹੋਣ ਦੀ ਹਾਲਤ ਵਿੱਚ ਤੁਰੰਤ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।















ਪੰਜਾਬ ਸਟਾਰ
www.punjabstar.com



# ਬਸੰਤ

'ਬਸੰਤ ਦੇ ਦਿਨ ਹੀ ਘਰਾਂ-ਧਾਰਮਿਕ ਸਥਾਨਾਂ, ਸੰਸਥਾਵਾਂ ਆਦਿ ਵਿਖੇ ਪੀਲੇ ਰੰਗ ਦੇ ਪ੍ਰਸ਼ਾਦਿ, ਪੀਲੇ ਰੰਗ ਦੇ ਚਾਵਲ (ਮਿੱਠੇ) ਬਣਾਏ ਜਾਂਦੇ ਹਨ। ਹਰ ਸ਼ਹਿਰ, ਨਗਰ, ਪਿੰਡ ਵਿਚ ਮੇਲੇ ਲਗਦੇ ਹਨ। ਕਾਮ ਅਤੇ ਰੱਤੀ ਦੀ ਵਿਸ਼ੇਸ਼ ਪੂਜਾ ਹੁੰਦੀ ਹੈ। ਇਸ ਦਿਨ ਸਰਸਵਤੀ ਦੇਵੀ ਵਿਦਿਆ ਬੁੱਧੀ ਸਕੰਲਪ ਸ਼ਕਤੀ ਬਖ਼ਸ਼ਦੀ ਹੈ। ਬਸੰਤ ਹਾਸਿਆਂ-ਖੇੜਿਆਂ ਦਾ ਸੰਦੇਸ਼ ਦਿੰਦੀ ਹੈ। ਪ੍ਰਫੁਲਤਾ ਅਤੇ ਤਾਜ਼ਗੀ ਬਖ਼ਸ਼ਦੀ ਹੈ। ਮਹਾਂਭਾਰਤ ਕਾਲ ਵਿਚ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਸੀ, ਮੈਂ ਰੁੱਤਾਂ ਵਿੱਚੋਂ ਰੁੱਤ ਬਸੰਤ ਹਾਂ।

ਮਾਘ ਸ਼ੁਕਲ ਪੰਚਮੀ ਦੇ ਦਿਨ ਬਸੰਤ ਦਾ ਜਨਮ ਹੋਇਆ। ਬਸੰਤ ਪੰਚਮੀ ਦੇ ਦਿਨ ਕਲਾ ਅਤੇ ਸੰਗੀਤ ਦੀ ਦੇਵੀ ਸਰਸਵਤੀ ਦੀ ਪੂਜਾ ਹੁੰਦੀ ਹੈ। ਫਲ, ਫੁੱਲਾਂ ਅਤੇ ਰੰਗ ਬਰੰਗੀਆਂ ਵੇਲਾਂ ਦੇ ਬੰਦਨਵਾਰ ਮਹਾਰਾਣੀ ਬਸੰਤ ਰੁੱਤ ਦਾ ਸਵਾਗਤ ਕਰਦੇ ਹਨ। ਇਹ ਤਿਉਹਾਰ ਵਾਸਤਵ ਵਿਚ ਰੁੱਤਾਂ ਦੀ ਰਾਣੀ ਬਸੰਤ ਦੀ ਅਗਵਾਈ ਦੀ ਸੂਚਨਾ ਦਿੰਦਾ ਹੈ।

ਬਸੰਤ ਫਬੀਲੇ ਮੌਸਮ ਦਾ ਮਹਾਮੇਲਾ ਹੈ। ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ । ਸੁੰਦਰ ਸੁੰਦਰ ਖਿੜਦੇ ਫੁੱਲਾਂ ਨੂੰ ਚੁੰਮਦੇ ਤਰੇਲ ਦੇ ਤੁਪਕੇ ਜ਼ਿੰਦਗੀ ਦੀ ਹਕੀਕੀ ਜਾਣ ਪਹਿਚਾਣ ਕਰਵਾਉਂਦੇ ਨਜ਼ਰ ਆਉਂਦੇ ਹਨ। ਖੇਤਾਂ ਵਿਚ ਦੂਰ-ਦੂਰ ਤੱਕ ਸਰ੍ਹੋਂ ਦੀਆਂ ਪੀਲੀਆਂ ਸੋਨੇ ਵਾਂਗ ਚਮਕਦੀਆਂ ਫਸਲਾਂ ਅੱਖਾਂ ਲਈ ਇਕ ਤੰਦਰੁਸਤ ਖੁਰਾਕ, ਸੁੰਦਰ ਨਜ਼ਾਰਿਆਂ ਨੂੰ ਤ੍ਰਿਪਤੀ ਵਿਚ ਬਦਲਦੀ ਹੈ ।

ਮੌਸਮ ਦੇ ਖ਼ੂਬਸੂਰਤ ਪਰਿਵਰਤਨ ਦਾ ਨਾਮ ਹੈ ਬਸੰਤ। ਸੂਰਜ ਤੜਕ ਸਵੇਰਾ ਲੈ ਕੇ ਜਦ ਸਤਿਕਾਰ ਵੰਡਦਾ ਹੈ ਤਾਂ ਮੌਸਮ ਦੀ ਅੰਗੜਾਈ ਵਿਚ ਖ਼ੁਸ਼ਬੂਆਂ ਪਿਆਰ ਭਰਦੀਆਂ ਹਨ । ਲਹਿਲਹਾਂਦੇ ਹਰੇ ਭਰੇ ਖੇਤ, ਫੁੱਲਾਂ ਦੇ ਰੰਗਾਂ ਦੀ ਸੁੰਦਰ ਦਿਖ, ਅੰਬਾਂ ਉਤੇ ਪਿਆ ਬੂਰ ਕਿਸੇ ਮਤਵਾਲੀ ਕੋਇਲ ਦਾ ਇਕਰਾਰ ਮਨਮੋਹਣੀ ਆਵਾਜ਼ ਨੂੰ ਤਰਸਦਾ ਹੈ। ਫਿਰ ਬਸੰਤ ਰੁੱਤ ਵਿਚ ਰੰਗਿਆ ਜਾਂਦਾ ਹੈ ਸਾਰਾ ਸੰਸਾਰ, ਸਾਰੀ ਕਾਏਨਾਤ, ਸਾਰੀ ਮਨੁੱਖਤਾ। ਤੁਰਲੇ ਵਾਲੀ ਪੀਲੀ ਪਗੜੀ, ਤੇੜ ਗੁਲਾਬੀ ਲਾਚਾ, ਕਿਸੇ ਮੁੱਛ ਫੁੱਟ ਗੱਭਰੂ ਦੇ ਗੋਰੇ ਮੁੱਖ ਉਤੇ ਸੂਰਜ ਵਰਗਾ ਹਾਸਾ, ਹੱਥ ਵਿਚ ਖੂੰਡਾ, ਗਲ ਵਿਚ ਮਾਲਾ, ਛਾਤੀ ਉਪੱਰ ਮਚਲਦਾ ਸੋਨੇ ਦਾ ਕੈਂਠਾਂ, ਮੁਕੰਮਲ ਪੰਜਾਬੀ ਸੱਭਿਆਚਾਰ ਵਿਚ ਬਸੰਤ ਦਾ ਰੂਪ । ਲਹਿਲਹਾਂਦੇ ਹੋਏ ਖੇਤਾਂ ਵਿਚ ਇਕ ਸੁਹਣੀ ਮੁਟਿਆਰ, ਸਿਰ ਉੱਪਰ ਪੀਲੀ ਚੁੰਨੀ ਘਟਾਵਾਂ ਵਾਂਗ ਲਹਿਰਾਂਦੀ, ਪੈਰੀਂ ਝਾਂਜਰਾਂ ਦੀ ਛਣਕਾਟ, ਲੰਬੀ ਪਰਾਂਦੇ ਵਾਲੀ ਗੁੱਤ ਵਿਚ ਸਜੇ ਫੁੰਮਣ, ਮਟਕ-ਮਟਕ ਪਬ ਧਰਦੀ ਜਾਂਦੀ ਬਸੰਤ ਦੇ ਵਿਚਕਾਰ ਬਸੰਤ ਦੀ ਆਮਦ ਦਾ ਪਿਆਰ ।

ਹਾੜੀ ਦੀਆਂ ਫਸਲਾਂ ਖਿੜ-ਖਿੜ ਹੱਸਣ ਜੋਬਨ ਰੁੱਤੇ, ਕੋਮਲ-ਕੋਮਲ ਟਹਿਣੀਆਂ ਉਪੱਰ ਫੁੱਟਦੇ ਆਨਾਰ । ਸਰਦੀ ਅਤੇ ਗਰਮੀ ਆਪਸ ਵਿਚ ਅੱਖ ਮਿਚੋਲੀ ਖੇਡਦੇ ਹੋਏ ਦਿਲਕਸ਼ ਮੌਸਮ ਦੇ ਨਾਮ ਪਤਝੜੀ ਕਿਰਿਆਵਾਂ ਨੂੰ ਅਲਵਿਦਾ ਕਹਿੰਦੇ ਹੋਏ ਅਤੀਤ ਦੇ ਪੈਰ੍ਹਾਂ ਵਿਚ ਵਰਤਮਾਨ ਦੇ ਅਤਿ ਸੁੰਦਰ ਚਿੰਨ੍ਹ ਛੱਡ ਜਾਂਦੇ। ਕਿਸਾਨ ਆਪਣੀ ਕਮਾਈ ਦੀ ਖੁਸ਼ੀ ਦੇ ਚਿੰਨ੍ਹ ਜਵਾਨ ਭਰਪੂਰ ਖਿੜੀਆਂ ਪੱਕ ਰਹੀਆਂ ਫਸਲਾਂ ਦੇ ਸੁਨਹਿਰੀ ਦ੍ਰਿਸ਼ ਦੇਖਦਾ ਹੋਇਆ ਘਰੇਲੂ ਮਜ਼ਬੂਰੀਆਂ 'ਤੇ ਕਰਜ਼ਿਆਂ ਤੋਂ ਛੁਟਕਾਰਾ ਪਾਉਣ ਦੀ ਲਲਕ ਵਿਚ ਤਤਪਰ ਹੁੰਦਾ ਹੈ। ਬਸੰਤ ਰੁੱਤ ਸੁੰਦਰਤਾ ਦੀ ਅਸਲੀ ਪਰਿਭਾਸ਼ਾ ਅਤੇ ਇਸ ਮੌਸਮ ਵਿਚ ਕਾਮ-ਉਤੇਜਨਾ ਹਿਰਦੇ ਵਿਚ ਜਗਾਅ ਦਿੰਦੀ ਹੈ ਅਭਿਲਾਸ਼ਾ। ਬਾਗਾਂ ਵਿਚ ਤਿਤਲੀਆਂ ਅਤੇ ਭੌਰਿਆਂ ਦੇ ਫੁੱਲਾਂ ਨਾਲ ਦਿਲਕਸ਼ ਕਲੋਲ ਸੁੰਦਰਤਾ ਦੇ ਮੇਲੇ ਨੂੰ ਚਾਰ ਚੰਨ ਲਗਾ ਦਿੰਦੇ ਹਨ। ਖਿੜ੍ਹੇ ਸੁੰਦਰ ਫੁੱਲਾਂ ਅਤੇ ਕਲੀਆਂ ਦੇ ਸਫੇਦ ਜਿਸਮ ਬਹਾਰਾਂ ਦੀ ਜ਼ਿੰਦਗੀ ਨੂੰ ਅਲੌਕਿਕਤਾ ਬਖ਼ਸ਼ਦੇ ਹਨ। ਪੰਛੀਆਂ ਦੀ ਚਹਿਚਹਾਹਟ, ਸੂਰਜ ਦੀਆਂ ਸੱਜਰੀਆਂ ਕਿਰਨਾਂ ਨਾਲ ਮਾਨਵਤਾ ਨੂੰ ਸੰਦੇਸ਼ ਦਿੰਦੀਆਂ ਹਨ। ਸੁੰਦਰ ਮੌਸਮ ਵਿਚ ਏਕਤਾ, ਸਦਭਾਵਨਾ, ਅਗਵਾਈ, ਦ੍ਰਿੜ ਇਰਾਦੇ, ਆਪਸੀ ਭਾਈਚਾਰੇ ਦੀ ਇਕ ਜੀਵਤ ਉਦਾਹਰਣ ਬਣਦੇ ਹਨ ਪਰਵਾਸੀ ਪੰਛੀਆਂ ਦੇ ਝੁੰਡ। ਇਹ ਸਭ ਕੁਝ ਬਸੰਤ ਦੀ ਖ਼ੂਬਸੂਰਤੀ ਦਾ ਹੀ ਹੀਲਾ ਵਸੀਲਾ ਹੈ ।

ਬੁਲਬੁਲਾਂ, ਕੋਇਲ, ਪਪੀਹੇ, ਮੋਰ ਬਨਸਪਤੀ ਦੀ ਸੁੰਦਰਤਾ ਉਪੱਰ ਖੁਸ਼ ਹੋ ਕੇ ਬਸੰਤ ਦੀ ਖ਼ੂਬਸੂਰਤੀ ਨੂੰ ਚਾਰ ਚੰਨ੍ਹ ਲਗਾ ਦਿੰਦੇ ਹਨ। ਬਸੰਤ ਰੁੱਤ ਦੀਆਂ ਮਿਹਰਬਾਨੀਆਂ, ਅਭਿਵਾਦਨ, ਅਭਿਨੰਦਨ ਧਰਤੀ ਨੂੰ ਮਾਲਾਮਾਲ ਕਰ ਦਿੰਦੇ ਹਨ। ਸ਼ੁਭ ਸ਼ਗੁਨ ਦੀ ਪਵਿੱਤਰ ਪਰੰਪਰਾ ਹੈ ਬਸੰਤ ਦੀ ਰੁੱਤ। ਸਾਰੀ ਕੁਦਰਤ ਕਾਏਨਾਤ ਅਤੇ ਬਨਸਪਤੀ ਮਨੁੱਖਤਾ ਨੂੰ ਸਤਿਅਮ, ਸ਼ਿਵਮ-ਸੁੰਦਰਤਾ ਦਾ ਸੰਦੇਸ਼ ਦਿੰਦੀ ਹੈ। ਨਦੀਆਂ-ਦਰਿਆਵਾਂ ਵਿਚ ਪਾਣੀ ਦੀ ਸ਼ੁੱਧਤਾ ਵਧਦੀ ਹੋਈ ਖੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ । ਪਹਾੜਾਂ ਦੀ ਖ਼ੂਬਸੂਰਤੀ ਵਿਚ ਬਸੰਤ ਦੀ ਰੁੱਤ, ਦੁਲਹਨਾਂ ਵਾਂਗੂੰ ਸਜਦੀ ਹੋਈ ਜੰਨਤ ਦਾ ਭੁਲੇਖਾ ਪਾਉਂਦੀ ਹੈ। ਇਹ ਰੁੱਤ ਮਾਨਵਤਾ ਦੀ ਖੁਸ਼ਹਾਲੀ ਦੀ ਪ੍ਰਤੀਕ ਹੈ । ਅੰਬਰ ਛੂਹਦੀਆਂ ਪਹਾੜਾਂ ਦੀਆਂ ਟੀਸੀਆਂ, ਬੁਲੰਦੀਆਂ ਉਪੱਰ ਖਿੜਦੀ ਬਸੰਤ ਵਿਚ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀ ਮਹਿਕ ਟੇਢੀਆਂ-ਮੇਢੀਆਂ ਪਗਡੰਡੀਆਂ ਨੂੰ ਜ਼ਿੰਦਗੀ ਦੇ ਦਿੰਦੀਆਂ । ਪਹਾੜਾਂ ਦੀ ਖ਼ੂਬਸੂਰਤੀ ਵਿਚ ਵੀ ਬਸੰਤ ਦੀ ਰੁੱਤ ਸਮੇਂ ਇਕ ਵਿਲੱਖਣ ਸੱਜਰਾ ਪਰਿਵਰਤਨ ਹੁੰਦਾ ਹੈ। ਬਰਫ਼ ਖੁਰਨ ਨਾਲ ਸ਼ੁੱਧ ਪਾਣੀ ਆਪਣੀ ਪਰਿਵਰਤਨਸ਼ੀਲਤਾ ਵਿਚ ਨਵੀਨਤਾ ਪੈਦਾ ਕਰਦਾ ਹੈ । ਝਰਨਿਆਂ ਵਿਚ ਦੁੱਧ ਚਿੱਟਾ ਪਾਣੀ ਉਪੱਰੋਂ ਵਹਿੰਦਾ ਹੋਇਆ ਹੇਠਾਂ ਧਰਤੀ ਨੂੰ ਜਦ ਚੁੰਮਦਾ ਹੈ ਤਾਂ ਸ਼ੀਸ਼ੇ ਦੀਆਂ ਕਿਰਚੀਆਂ ਵਾਂਗੂੰ ਟੁੱਟ ਕੇ ਫੈਲਦਾ ਹੋਇਆ ਅਨੇਕਾਂ ਅਕਸ ਪੈਦਾ ਕਰਦਾ ਹੈ ਜੋ ਜਵਾਨੀ ਸੁੰਦਰਤਾ ਅਤੇ ਜੰਨਤ ਦਾ ਆਭਾਸ਼ ਕਰਵਾਉਂਦਾ ਹੈ।

ਇਸ ਦਿਨ ਚਾਰੇ ਪਾਸੇ ਬਸੰਤੀ ਰੰਗ ਦੀ ਸੁੰਦਰਤਾ ਬਿਖਰ ਜਾਂਦੀ ਹੈ । ਬਸੰਤੀ ਪਗੜੀਆਂ, ਬਸੰਤੀ ਦੁਪੱਟੇ, ਬਸੰਤੀ ਰੁਮਾਲ, ਬਸੰਤੀ ਸੁਨਹਿਰੀ ਗਹਿਣੇ ਧਰਤੀ ਦੀ ਸੁੰਦਰਤਾ ਨੂੰ ਜੰਨਤ ਪਰੋਸ ਦਿੰਦੀ ਹੈ। ਬਸੰਤ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ: ਬਨਸਪਤਿ ਮਉਲੀ ਚੜਿਆ ਬਸੰਤ। ਇਹੁ ਮਨੁ ਮਉਲਿਆ ਸਤਿਗੁਰੂ ਸੰਗ । ਤੁਮ ਸਾਚੁ ਧਿਆਵਹੁ ਮੁਗਧ ਮਨਾ । ਤਾ ਸੁਖ ਪਾਵਹੁ ਮੇਰੇ ਮਨਾ। ਇਹ ਲਾਈਨਾਂ ਜੀਵਨ ਦੇ ਸੁਖਦ ਪਲਾਂ ਨੂੰ ਬਿਆਨ ਕਰਦੀਆਂ ਹਨ। ਬਨਸਪਤੀ ਆਣ 'ਤੇ ਬਸੰਤ ਦੀ ਆਮਦ ਅਤੇ ਸੁੱਖ ਦੀ ਪ੍ਰਾਪਤੀ ਸਤਿਗੁਰੂ ਦੀ ਉਪਾਸਨਾ ਨਾਲ ਹੀ ਹੈ ।

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਲਿਖਦੇ ਹਨ, ਮਉਲੀ ਧਰਤੀ ਮਉਲਿਆ ਆਕਾਸੁ। ਘਟਿ ਘਟਿ ਮਉਲਿਆ ਆਤਮ ਪ੍ਰਗਾਸੁ । ਆਦਿ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਆਖਦੇ ਹਨ: ਤਿਸੁ ਬੰਸਤ ਜਿਸੁ ਪ੍ਰਭੁ ਕ੍ਰਿਪਾਲ ਤਿਸ ਬਸੰਤ ਜਿਸੁ ਗੁਰੁ ਦਇਆਲ ਮੰਗਲ ਤਿਸਕੈ ਜਿਸੁ ਏਕੁ ਨਾਮ

ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮ ਆਦਿ ।

ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ: ਬਸੰਤ ਚੜ੍ਹਿਆ ਫੂਲੀ ਬਨਰਾਇ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ਗੁਰੂ ਸਾਹਿਬਾਨ ਨੇ ਵੀ ਬਸੰਤ ਦੀ ਉਸਤਤ ਵਿਚ ਖੂਬ ਲਿਖਿਆ ਅਤੇ ਸੁੰਦਰ ਮਾਨਵਤਾਵਾਦੀ ਤਸ਼ਬੀਹਾਂ ਦਿੱਤੀਆਂ ਹਨ। ਇਸ ਦਿਨ ਅਸਮਾਨ ਵਿਚ ਪਤੰਗਾਂ (ਗੁੱਡੀਆਂ) ਅਤੇ ਡੋਰਾਂ ਇਸ ਤਰ੍ਹਾਂ ਪੇਚੇ ਲੜਾਉਂਦੀਆਂ ਹਨ ਕਿ ਸਾਰਾ ਅਸਮਾਨ ਇਵੇਂ ਨਜ਼ਰ ਆਉਂਦਾ ਹੈ ਜਿਵੇਂ ਕਿਸੇ ਚਿੱਤਰਕਾਰ ਨੇ ਹਵਾ ਵਿਚ ਚਿੱਤਰਕਾਰੀ ਕੀਤੀ ਹੋਵੇ। ਰੰਗ ਬਰੰਗੀਆਂ ਪਤੰਗਾਂ ਦੀ ਖ਼ੂਬਸੂਰਤੀ ਅਸਮਾਨ ਨੂੰ ਸੁੰਦਰਤਾ ਬਖ਼ਸ਼ ਦਿੰਦੀ ਹੈ। ਆ, ਬੋ, ਈ, ਓ ! ਦੀਆਂ ਲੰਬੀਆਂ ਹੇਕਾਂ ਫ਼ਿਜ਼ਾਂ ਵਿਚ ਜਦ ਗੂੰਜਦੀਆਂ ਹਨ ਤਾਂ ਜਵਾਨੀ ਦੀ ਪਰਿਭਾਸ਼ਾ ਉਮੜ ਆਉਂਦੀ ਹੈ। ਬਸੰਤ ਸਫ਼ਲ ਹੋ ਜਾਂਦੀ ਹੈ। ਬਸੰਤ ਵਾਲੇ ਦਿਨ ਸਾਰੇ ਭਾਰਤ ਵਿਚ ਕਈ ਵੱਡੇ ਮੇਲੇ ਅਤੇ ਪਤੰਗਬਾਜੀ ਦੇ ਲੱਖਾਂ ਦੇ ਮੁਕਾਬਲੇ ਹੁੰਦੇ ਹਨ। ਖ਼ਾਸ ਕਰਕੇ ਲਖਨਊ ਆਦਿ ਸ਼ਹਿਰਾਂ ਵਿਚ ਪਤੰਗਬਾਜੀ ਦੀਆਂ ਸ਼ਰਤਾਂ ਲਗਦੀਆਂ ਹਨ। ਪੰਜਾਬ ਵਿਚ ਖ਼ਾਸ ਕਰਕੇ ਸਾਰੇ ਸ਼ਹਿਰਾਂ ਨਗਰਾਂ ਤੋਂ ਇਲਾਵਾ ਅੰਮ੍ਰਿਸਰ, ਫਿਰੋਜ਼ਪੁਰ, ਆਦਿ ਸ਼ਹਿਰਾਂ ਵਿਚ ਪਤੰਗਬਾਜੀ ਦੀਆਂ ਸ਼ਰਤਾਂ ਲਗਦੀਆਂ ਹਨ ਅਤੇ ਦੇਰ ਰਾਤ ਤੱਕ ਪਤੰਗਾਂ ਦੇ ਪੇਚੇ ਚਲਦੇ ਹਨ। ਪਤੰਗਬਾਜੀ ਦਾ ਤਿਉਹਾਰ ਵੀ ਇਸ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਲੜਕੇ ਅਤੇ ਲੜਕੀਆਂ ਵੀ ਪਤੰਗਾਂ ਉਡਾਂਦੀਆਂ ਹਨ। ਮਾਂ-ਬਾਪ ਆਪਣੀਆਂ ਪਿਆਰੀਆਂ ਪਿਆਰੀਆਂ ਧੀਆਂ ਨੂੰ ਖੁਦ ਪਤੰਗ-ਡੋਰ ਖਰੀਦ ਕੇ ਦਿੰਦੇ ਹਨ ਤਾਂ ਜੋ ਲੜਕੀਆਂ ਨੂੰ ਬਰਾਬਰਤਾ ਦੀ ਸ਼ਕਤੀ ਪ੍ਰਦਾਨ ਹੋਵੇ।

ਭਾਈ ਗੁਰਦਾਸ ਜੀ ਨੇ ਮਨੁੱਖ ਨਾਲ ਤਸ਼ਬੀਹ ਦਿੰਦੇ ਹੋਏ ਆਪਣੇ ਕਬਿੱਤ ਵਿਚ ਪਤੰਗ (ਗੁੱਡੀ) ਬਾਰੇ ਕਮਾਲ ਦਾ ਫੁਰਮਾਣ ਕੀਤਾ ਹੈ: 'ਪਵਨ ਗਵਨ ਜੈਸੇ ਗੁਡੀਆ ਉਡਤ ਰਹੈ, ਪਵਨ ਰਹਿਤ ਗੁਡੀ ਉਡ ਨ ਸਕਤ ਹੈ।

ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ, ਤਾਉ ਮਿਟੈ ਗਿਰ ਪਰੈ ਖਕਤ ਹੈ ।

ਕੰਚਨ ਅਸੁਧ ਜਿਉ ਕੁਠਾਰੀ ਠਹਗਤ ਨਾਹੀ, ਸੁਧ ਭਏ ਨਿਹਚਲ ਛਬਿ ਕੈ ਛਕਤ ਹੈ ।

ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ, ਗੁਰ ਮਤਿ ਏਕ ਏਕ ਮੌਨ ਨ ਬਕਤ ਹੈ।' ਬਸੰਤ ਦੇ ਦਿਨ ਹੀ ਘਰਾਂ-ਧਾਰਮਿਕ ਸਥਾਨਾਂ, ਸੰਸਥਾਵਾਂ ਆਦਿ ਵਿਖੇ ਪੀਲੇ ਰੰਗ ਦੇ ਪ੍ਰਸ਼ਾਦਿ, ਪੀਲੇ ਰੰਗ ਦੇ ਚਾਵਲ (ਮਿੱਠੇ) ਬਣਾਏ ਜਾਂਦੇ ਹਨ। ਹਰ ਸ਼ਹਿਰ, ਨਗਰ, ਪਿੰਡ ਵਿਚ ਮੇਲੇ ਲਗਦੇ ਹਨ । ਕਾਮ ਅਤੇ ਰੱਤੀ ਦੀ ਵਿਸ਼ੇਸ਼ ਪੂਜਾ ਹੁੰਦੀ ਹੈ। ਇਸ ਦਿਨ ਸਰਸਵਤੀ ਦੇਵੀ ਵਿਦਿਆ ਬੁੱਧੀ ਸਕੰਲਪ ਸ਼ਕਤੀ ਬਖ਼ਸ਼ਦੀ ਹੈ। ਬਸੰਤ ਹਾਸਿਆਂ-ਖੇੜਿਆਂ ਦਾ ਸੰਦੇਸ਼ ਦਿੰਦੀ ਹੈ। ਪ੍ਰਫੁਲਤਾ ਅਤੇ ਤਾਜ਼ਗੀ ਬਖ਼ਸ਼ਦੀ ਹੈ। ਮਹਾਂਭਾਰਤ ਕਾਲ ਵਿਚ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਸੀ, ਮੈਂ ਰੁੱਤਾਂ ਵਿੱਚੋਂ ਰੁੱਤ ਬਸੰਤ ਹਾਂ।' ਇਸ ਦਿਨ ਬੰਗਾਲ, ਆਸਾਮ ਅਤੇ ਬੰਗਲਾ ਦੇਸ਼ ਵਿਚ ਪੀਲੇ ਅਤੇ ਗੁਲਾਬੀ ਰੰਗ ਵਿਚ ਹੋਲੀ ਖੇਡੀ ਜਾਂਦੀ ਹੈ। ਬਸੰਤ ਪ੍ਰਦੂਸ਼ਣ ਦੂਰ ਕਰਦੀ ਹੈ, ਜੰਗਲ ਵਿਚ ਮੰਗਲ ਕਰਦੀ ਹੈ। ਸਰੀਰ ਨੂੰ ਊਰਜਾ, ਸਿਹਤ ਅਤੇ ਨਿਰੋਗਤਾ ਦੀ ਪ੍ਰਤੀਕ ਹੈ। ਖੁਸ਼ੀਆਂ ਹੀ ਖੁਸ਼ੀਆਂ ਦਾ ਸੰਦੇਸ਼ ਦਿੰਦੀ ਹੈ।

ਇਸ ਦਿਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਆਉਂਦਾ ਹੈ। ਖ਼ਾਸ ਕਰਕੇ ਵੀਰ ਹਕੀਕਤ ਹਾਇ ਦੀ ਸ਼ਹਾਦਤ, ਨਾਮਧਾਰੀ ਕੂਕਿਆਂ ਦੀ ਬਹਾਦਰੀ, ਜਰਨੈਲ ਸ਼ਾਮ ਸਿੰਘ ਅਟਾਰੀ ਦੀ ਸ਼ਹੀਦੀ ਆਦਿ ਘਟਨਾਵਾਂ ਅਤੇ ਸ਼ੁਭ ਕਾਰਜਾਂ ਦੀ ਜ਼ਿਕਰ ਆਉਂਦਾ ਹੈ। ਵੀਰ ਹਕੀਕਤ ਰਾਇ ਦਾ ਬਟਾਲਾ (ਗੁਰਦਾਸਪੁਰ) ਪੰਜਾਬ ਵਿਖੇ ਭਾਰੀ ਮੇਲਾ ਲਗਦਾ ਹੈ।

ਇਸ ਦਿਨ ਧਾਰਮਿਕ ਸਥਾਨਾਂ ਵਿਖੇ ਕੀਰਤਨ ਅਤੇ ਪ੍ਰਵਚਨਾਂ ਨਾਲ ਬਸੰਤ ਦੀ ਉਸਤਤ ਕੀਤੀ ਜਾਂਦੀ ਹੈ। ਖਾਸ ਕਰਕੇ ਸ੍ਰੀ ਦਰਬਾਰ ਸਾਹਿਬ

# ਤੀਹ ਸਾਲਾਂ ਤੋਂ ਗੁਰੂ ਘਰ 'ਚ ਹੁਕਮਨਾਮਾ ਸਾਹਿਬ ਲਿਖਣ ਦੀ ਸੇਵਾ ਨਿਭਾ ਰਹੇ ਸ੍ਰ.ਅਮਰੀਕ ਸਿੰਘ ਬੇਦੀ







ਜਲੰਧਰ ਦੇ ਕੈਲਾਸ਼ ਨਗਰ 'ਚ ਰਹਿਣ ਵਾਲੇ ਸ੍ਰ. ਅਮਰੀਕ ਸਿੰਘ ਬੇਦੀ ਦਾ ਜੀਵਨ ਧਾਰਮਿਕਤਾ ਅਤੇ ਸੇਵਾ ਦੀ ਮਿਸਾਲ ਹੈ। ਟਿਊਬਵੈੱਲ ਕਾਰਪੋਰੇਸ਼ਨ ਵਿਭਾਗ 'ਚ ਸਿਵਲ ਇੰਜਨੀਅਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਵੀ ਉਹ ਆਪਣੀ ਧਾਰਮਿਕ ਜ਼ਿੰਮੇਵਾਰੀ ਨੂੰ ਪੂਰੀ ਸ਼ਰਧਾ ਨਾਲ ਨਿਭਾ ਰਹੇ ਹਨ। ਉਨ੍ਹਾਂ ਨੇ ਪਿਛਲੇ 30 ਸਾਲਾਂ ਤੋਂ ਹਰ ਰੋਜ਼ ਸਵੇਰੇ ਗੁਰਦੁਆਰਾ ਸਾਹਿਬ ਵਿਖੇ ਹੁਕਮਨਾਮਾ ਸਾਹਿਬ ਲਿਖਣ ਦੀ ਸੇਵਾ ਨਿਰੰਤਰ ਜਾਰੀ ਰੱਖੀ ਹੈ। ਜਿੱਥੇ ਇਹ ਸੇਵਾ ਉਨ੍ਹਾਂ ਦੇ ਧਾਰਮਿਕ ਜੀਵਨ ਨੂੰ ਦਰਸਾਉਂਦੀ ਹੈ ਉੱਥੇ ਹੀ ਇਹ ਸਾਧਸੰਗਤ ਲਈ ਵੀ ਪ੍ਰੇਰਣਾਸਰੋਤ ਹੈ।

ਸ੍ਰ. ਅਮਰੀਕ ਸਿੰਘ ਬੇਦੀ ਦੇ ਮਾਤਾ-ਪਿਤਾ ਧਾਰਮਿਕ ਖਿਆਲਾਂ ਵਾਲੇ ਸਨ, ਜਿਸ ਕਰਕੇ ਬਚਪਨ ਤੋਂ ਹੀ ਉਨ੍ਹਾਂ 'ਚ ਧਾਰਮਿਕ ਰੁਚੀ ਉਭਰੀ। ਪਿਤਾ ਦਾ ਸਿੱਖਿਆ ਦੇ ਪ੍ਰਤੀ ਝੁਕਾਅ ਅਤੇ ਮਾਤਾ ਦਾ ਸਨਮੁੱਖ ਬਾਣੀ ਨਾਲ ਪਿਆਰ ਨੇ ਉਨ੍ਹਾਂ ਨੂੰ ਗੁਰਬਾਣੀ ਨਾਲ ਜੋੜਿਆ। ਉਹ ਦੱਸਦੇ ਹਨ ਕਿ ਸਕੂਲ ਦੇ ਦਿਨਾਂ ਵਿੱਚ ਉਹ ਸਵੇਰੇ ਜਲਦੀ ਉੱਠ ਕੇ ਅਖਬਾਰ ਦੀਆਂ ਸੁਰਖੀਆਂ ਬਲੇਕ ਬੋਰਡ 'ਤੇ ਲਿਖਣ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ। ਇਹੀ ਭਾਵਨਾ ਅੱਜ ਉਨ੍ਹਾਂ ਦੀ ਗੁਰਦੁਆਰਾ ਸਾਹਿਬ 'ਚ ਹੁਕਮਨਾਮਾ ਸਾਹਿਬ ਲਿਖਣ ਦੀ ਸੇਵਾ ਦੇ ਰੂਪ ਵਿੱਚ ਪ੍ਰਤੱਖ ਹੋ ਰਹੀ ਹੈ।

ਆਪਣੀ ਇੰਜਨੀਅਰਿੰਗ ਦੀ ਪੜ੍ਹਾਈ ਕਰਦੇ ਸਮੇਂ ਵੀ ਉਹਨਾਂ ਨੇ ਪੰਜਾਬੀ 'ਚ ਰੁਚੀ ਜਾਰੀ ਰੱਖੀ। ਉਨ੍ਹਾਂ ਨੇ ਗਿਆਨੀ ਦੀ ਪੜਾਈ ਦੇ ਨਾਲ-ਨਾਲ ਐਮ.ਏ. ਪੰਜਾਬੀ ਵੀ ਕੀਤੀ। ਉਹ ਮੰਨਦੇ ਹਨ ਕਿ ਗਿਆਨ ਸਿਰਫ ਕਿਤਾਬਾਂ ਤਕ ਹੀ ਸੀਮਤ ਨਹੀਂ ਹੁੰਦਾ ਸਗੋਂ ਧਾਰਮਿਕ ਸਿੱਖਿਆ ਵੀ ਜੀਵਨ ਨੂੰ ਗਿਆਨ ਦੀ ਰੌਸ਼ਨੀ ਦਿੰਦੀ ਹੈ। ਇਸ ਲਈ ਇੰਜੀਨੀਅਰਿੰਗ ਦੀ ਪੜ੍ਹਾਈ ਦੇ ਦੌਰਾਨ ਵੀ ਉਹ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦੇ ਰਹੇ। ਉਨ੍ਹਾਂ ਦਾ ਕਹਿਣਾ ਹੈ ਕਿ ਧਾਰਮਿਕ ਸਿੱਖਿਆ ਜੀਵਨ ਨੂੰ ਨਵੀਂ ਸੋਚ ਦਿੰਦੀ ਹੈ।

ਰੋਜ਼ ਸਵੇਰੇ ਪ੍ਰੀਤ ਨਗਰ, ਸੋਡਲ ਰੋਡ ਜਲੰਧਰ ਦੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਹੁਕਮਨਾਮਾ ਸਾਹਿਬ ਲਿਖਣਾ ਉਨ੍ਹਾਂ ਦੀ ਰੋਜ਼ਾਨਾ ਦੀ ਸੇਵਾ ਦਾ ਹਿੱਸਾ ਹੈ। ਇਹ ਸੇਵਾ ਸਿਰਫ ਸ਼ਬਦ ਲਿਖਣ ਤੱਕ ਹੀ ਸੀਮਿਤ ਨਹੀਂ, ਸਗੋਂ ਉਸ ਦੇ ਭਾਵ ਅਤੇ ਅਰਥ ਨੂੰ ਸਮਝਣ ਅਤੇ ਸਮਝਾਉਣ ਦੀ ਕਲਾ ਵੀ ਹੈ। ਉਹ ਮੰਨਦੇ ਹਨ ਕਿ ਗੁਰਬਾਣੀ ਦੇ ਅਰਥ ਨੂੰ ਸਮਝਣਾ ਅਤੇ ਪ੍ਰਚਾਰਨਾ ਸਾਧਸੰਗਤ ਲਈ ਬਹੁਤ ਜ਼ਰੂਰੀ ਹੈ। ਇਹ ਸੇਵਾ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਤੇ ਆਨੰਦ ਦਿੰਦੀ ਹੈ ਅਤੇ ਸਾਧਸੰਗਤ ਨੂੰ ਧਾਰਮਿਕ ਜੀਵਨ ਜਿਊਣ ਲਈ ਪ੍ਰੇਰਿਤ ਕਰਦੀ ਹੈ। ਉਹ ਦੱਸਦੇ ਹਨ ਕਿ ਇਹ ਸੇਵਾ ਉਨ੍ਹਾਂ ਲਈ ਇੱਕ ਧਾਰਮਿਕ ਕਰੱਤਵ ਹੈ, ਜਿਸ ਨੂੰ ਉਹ ਗੁਰੂ ਸਾਹਿਬ ਦੀ ਕਿਰਪਾ ਨਾਲ ਨਿਭਾਉਂਦੇ ਹਨ। ਇੱਥੇ ਇਹ ਵੀ ਜਿਕਰਯੋਗ ਹੈ ਕਿ ਸ੍ਰ. ਅਮਰੀਕ ਸਿੰਘ ਬੇਦੀ ਨੇ ਇਕ ਸਾਲ ਤੋਂ ਘੱਟ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੱਥ-ਲਿਖਿਤ ਸਰੂਪ ਤਿਆਰ ਕੀਤਾ ਹੈ ਜੋਕਿ ਸਿਰਫ ਸੇਵਾ ਹੀ ਨਹੀਂ, ਸਗੋਂ ਸ਼ਰਧਾ, ਸਨਮਾਨ ਅਤੇ ਧਾਰਮਿਕ ਭਾਵਨਾਵਾਂ ਦੀ ਇਕ ਮਿਸਾਲ ਵੀ ਹੈ। ਉਨ੍ਹਾਂ ਦੇ ਇਸ ਕਾਰਜ ਲਈ ਉਨ੍ਹਾਂ ਨੂੰ ਧਾਰਮਿਕ ਸੰਸਥਾਵਾਂ ਵਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ, ਕੌਮ ਲਈ ਸੇਵਾ ਕਰਨ ਦਾ ਕੋਈ ਖ਼ਾਸ ਸਮਾਂ ਜਾਂ ਅਹੁਦਾ ਨਹੀਂ ਹੁੰਦਾ। ਜੇਕਰ ਹਰ ਵਿਅਕਤੀ ਆਪਣੇ ਵਕਤ ਦਾ ਥੋੜ੍ਹਾ ਜਿਹਾ ਹਿੱਸਾ ਕੌਮ ਦੀ ਸੇਵਾ ਵਿੱਚ ਲਗਾਏ ਤਾਂ ਇਹ ਸਮਾਜ ਆਤਮਿਕ ਤੇ ਧਾਰਮਿਕ ਤੌਰ ਤੇ ਮਜ਼ਬੂਤ ਬਣ ਸਕਦਾ ਹੈ। ਇਸ ਲਈ ਇਹ ਇੱਕ ਪ੍ਰੇਰਣਾਦਾਇਕ ਮਿਸਾਲ ਹੈ ਕਿ ਕਿਵੇਂ ਆਪਣੇ ਕੰਮ ਕਾਜ ਕਰਦਿਆਂ ਵੀ ਧਾਰਮਿਕ ਸੇਵਾ ਦੀ ਪਾਲਣਾ ਕੀਤੀ ਜਾ ਸਕਦੀ ਹੈ। ਸ੍ਰ. ਅਮਰੀਕ ਸਿੰਘ ਬੇਦੀ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਕਿਵੇਂ ਸੇਵਾ, ਸ਼ਰਧਾ ਅਤੇ ਸਮਰਪਣ ਦੀ ਭਾਵਨਾ ਨਾਲ ਜ਼ਿੰਦਗੀ ਨੂੰ ਸੋਹਣਾ ਅਤੇ ਅਰਥਪੂਰਨ ਬਣਾਇਆ ਜਾ ਸਕਦਾ ਹੈ।



ਬਲਦੇਵ ਸਿੰਘ ਬੇਦੀ, ਜਲੰਧਰ,
9041925181

# ਜਦੋਂ ਥਾਣੇਦਾਰ ਨੇ ਐਸ.ਐਸ.ਪੀ. ਨੂੰ ਧਮਕੜੇ ਪਾਇਆ




ਸਰਕਾਰੀ ਮਹਿਕਮਿਆਂ ਵਿੱਚ ਕਈ ਅਜਿਹੇ ਸੜੀਅਲ ਅਫਸਰ ਪਾਏ ਜਾਂਦੇ ਹਨ ਜੋ ਆਪਣੇ ਘਟੀਆ ਵਿਹਾਰ ਕਾਰਨ ਅੱਕੇ ਸੜੇ ਅਧੀਨ ਮੁਲਾਜ਼ਮਾਂ ਤੋਂ ਵਾਰ ਵਾਰ ਬੇਇੱਜ਼ਤੀ ਕਰਵਾਉਂਦੇ ਹਨ। ਮਾਝੇ ਦੇ ਇੱਕ ਰਾਜਨੀਤਕ ਪਰਿਵਾਰ ਨਾਲ ਸਬੰਧਿਤ ਇੱਕ ਅਫਸਰ ਤਾਂ ਕਈ ਵਾਰ ਸਿਪਾਹੀਆਂ ਤੱਕ ਤੋਂ ਕੁੱਟ ਖਾ ਚੁੱਕਾ ਹੈ। ਕੁਝ ਸਾਲ ਪਹਿਲਾਂ ਉਹ ਮਾਲਵੇ ਦੇ ਇੱਕ ਜਿਲ੍ਹੇ ਦਾ ਐਸ.ਐਸ.ਪੀ. ਸੀ ਤਾਂ ਉਸ ਦੀ ਇੱਕ ਵੀਡੀਉ ਬਹੁਤ ਵਾਇਰਲ ਹੋਈ ਸੀ ਜਿਸ ਵਿੱਚ ਉਹ ਆਪਣੀ ਗਰਲ ਫਰੈਂਡ ਦੇ ਸਾਬਕਾ ਪ੍ਰੇਮੀ ਨੂੰ ਗੰਦੀਆਂ ਗਾਲ੍ਹਾਂ ਕੱਢ ਰਿਹਾ ਸੀ। ਦੋ ਚਾਰ ਮਿੰਟ ਤਾਂ ਉਹ ਬੰਦਾ ਉਸ ਦੀ ਬਕਵਾਸ ਸੁਣਦਾ ਰਿਹਾ ਤੇ ਸਰ ਸਰ ਕਰਦਾ ਰਿਹਾ, ਪਰ ਜਦੋਂ ਪਾਣੀ ਸਿਰ ਤੋਂ ਗੁਜ਼ਰ ਗਿਆ ਤਾਂ ਫਿਰ ਉਸ ਨੇ ਵੀ ਅੱਗੋਂ ਉਸ ਨੂੰ ਚੋਂਦੀਆਂ ਚੋਂਦੀਆਂ ਗਾਲ੍ਹਾਂ ਕੱਢ ਦਿੱਤੀਆਂ ਸਨ। ਅੱਤਵਾਦ ਸਮੇਂ ਪਟਿਆਲੇ ਰੇਂਜ਼ ਦੇ ਇੱਕ ਜਿਲ੍ਹੇ ਦਾ ਐਸ.ਐਸ.ਪੀ. ਬਹੁਤ ਹੀ ਕੁਰੱਖਤ ਕਿਸਮ ਦਾ ਇਨਸਾਨ ਸੀ। ਉਸ ਨੇ ਤਾਂ ਇੱਕ ਥਾਣੇ ਦੀ ਰਾਤਰੀ ਚੈੱਕਿੰਗ ਕਰਦੇ ਸਮੇਂ ਡਿਊਟੀ ਅਫਸਰ ਨੂੰ ਲੰਮੇ ਪਾ ਕੇ ਪਟੇ ਮਾਰ ਦਿੱਤੇ ਸਨ ਜਿਹੜਾ ਵਿਚਾਰਾ ਉਸ ਦੇ ਆਉਣ ਵਕਤ ਦੋ ਚਾਰ ਮਿੰਟ ਲਈ ਵਾਸ਼ਰੂਮ ਗਿਆ ਹੋਇਆ ਸੀ। ਤਰਨ ਸਿੰਘ (ਨਾਮ ਬਦਲਿਆ ਹੋਇਆ) ਨਾਮਕ ਇੱਕ ਸਬ ਇੰਸਪੈਕਟਰ ਉਸ ਥਾਣੇ ਦਾ ਐਸ.ਐਚ.ਸੀ ਜੋ ਬਹੁਤ ਹੀ ਦਲੇਰ ਕਿਸਮ ਦਾ ਇਨਸਾਨ ਸੀ । ਉਸ ਕੋਲੋਂ ਇਹ ਧੱਕਾ ਬਰਦਾਸ਼ਤ ਨਾ ਹੋਇਆ ਤੇ ਉਸ ਨੇ ਐਸ.ਐਸ.ਪੀ. ਦੀ ਕਰਤੂਤ ਬਾਰੇ ਰੋਜ਼ਨਾਮਚੇ ਵਿੱਚ ਰਪਟ (ਰਿਪੋਰਟ) ਦਰਜ਼ ਕਰ ਦਿੱਤੀ।

ਜਦੋਂ ਐਸ.ਐਸ.ਪੀ. ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਨੂੰ ਆਪਣੇ ਦਫਤਰ ਪੇਸ਼ੀ ਲਈ ਬੁਲਾ ਲਿਆ। ਉਥੇ ਦੋਵਾਂ ਵਿੱਚ ਵਾਦ ਵਿਵਾਦ ਹੋ ਗਿਆ ਤਾਂ ਐਸ.ਐਸ.ਪੀ. ਨੇ ਤਰਨ ਸਿੰਘ ਨੂੰ ਗਾਲ੍ਹ ਕੱਢ ਦਿੱਤੀ। ਤਰਨ ਸਿੰਘ ਨੇ ਜਵਾਬ ਦਿੱਤਾ ਕਿ ਸਰ ਜੋ ਵਿਭਾਗੀ ਕਾਰਵਾਈ ਮੇਰੇ ਖਿਲਾਫ ਕਰਨੀ ਹੈ ਕਰ ਦਿਉ, ਪਰ ਤੁਸੀਂ ਮੈਨੂੰ ਗਾਲ੍ਹ ਨਹੀਂ ਕੱਢ ਸਕਦੇ। ਜੇ ਹੁਣ ਗਾਲ੍ਹ ਕੱਢੀ ਤਾਂ ਠੀਕ ਨਹੀਂ ਹੋਵੇਗਾ। ਆਪਣੇ ਸਾਹਮਣੇ ਪਹਿਲੀ ਵਾਰ ਕਿਸੇ ਅਧੀਨ ਅਫਸਰ ਨੂੰ ਬੋਲਦਾ ਵੇਖ ਕੇ ਐਸ.ਐਸ.ਪੀ. ਅੱਗ ਬਬੂਲਾ ਹੋ ਗਿਆ ਤੇ ਉਸ ਨੇ ਕੁਰਸੀ ਤੋਂ ਉੱਠ ਕੇ ਤਰਨ ਸਿੰਘ ਦਾ ਗਲਮਾ ਫੜ੍ਹ ਲਿਆ। ਇਸ ਤੋਂ ਪਹਿਲਾਂ ਕਿ ਐਸ.ਐਸ.ਪੀ. ਦੇ ਗੰਨਮੈਨ ਕੁਝ ਸਮਝਦੇ, ਤਰਨ ਸਿੰਘ ਨੇ ਵੀ ਐਸ.ਐਸ.ਪੀ. ਨੂੰ ਗਲੋਂ ਫੜ੍ਹ ਲਿਆ। ਮੌਕੇ 'ਤੇ ਮੌਜੂਦ ਕੁਝ ਅਫਸਰਾਂ ਨੇ ਵਿੱਚ ਵਿਚਾਲਾ ਕਰ ਕੇ ਦੋਵਾਂ ਨੂੰ ਅਲੱਗ ਕੀਤਾ। ਇਸ ਕਿਸਮ ਦੀਆਂ ਉਦਾਹਰਣਾਂ ਪੰਜਾਬ ਪੁਲਿਸ ਵਿੱਚ ਬਹੁਤ ਮਿਲਦੀਆਂ ਹਨ। ਮੇਰਾ ਇੱਕ ਬੈਚਮੇਟ ਜੈਵਿਜੇ ਸਿੰਘ ਹੈ (ਨਾਮ ਬਦਲਿਆ ਹੋਇਆ) ਜੋ ਬਹੁਤ ਹੀ ਹਾਜ਼ਰ ਜਵਾਬ ਹੈ। ਉਸ ਨੂੰ ਕੋਈ ਮਜ਼ਾਕ ਕਰ ਦੇਵੇ ਤਾਂ ਪੰਜ ਮਿੰਟਾਂ ਵਿੱਚ ਉਸ ਦੇ ਅਗਲੇ ਪਿਛਲੇ ਪੋਤੜੇ ਫੋਲ ਦਿੰਦਾ ਹੈ। ਕਈ ਸਾਲ ਪਹਿਲਾਂ ਉਹ ਮਾਝੇ ਦੇ ਇੱਕ ਜਿਲ੍ਹੇ ਵਿੱਚ ਚੌਂਕੀ ਇੰਚਾਰਜ ਲੱਗਾ ਹੋਇਆ ਸੀ। ਉਸ ਜਿਲ੍ਹੇ ਦਾ ਐਸ.ਐਸ.ਪੀ. ਐਸਾ ਹੰਕਾਰਿਆ ਹੋਇਆ ਇਨਸਾਨ ਸੀ ਜੋ ਸਮਝਦਾ ਸੀ ਕਿ ਸ਼ਾਇਦ ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਨਹੀਂ, ਬਲਕਿ ਨਾਸਾ ਦਾ ਪੇਪਰ ਪਾਸ ਕਰ ਕੇ ਭਰਤੀ ਹੋਇਆ ਹੈ। ਵੈਸੇ ਵੀ ਜੋ ਵਿਅਕਤੀ ਆਪਣੇ ਆਪ ਨੂੰ ਸਿਆਣਾ ਸਮਝਦਾ ਹੈ, ਉਹ ਆਮ ਤੌਰ 'ਤੇ ਮਹਾਂ ਮੂਰਖ ਹੀ ਹੁੰਦਾ ਹੈ। ਉਸ ਦੀ ਸਭ ਤੋਂ ਵੱਡੀ ਭੈੜ ਇਹ ਸੀ ਕਿ ਨਾ ਤਾਂ ਉਹ ਵਾਹ ਲੱਗਦੀ ਕਿਸੇ ਦਫਤਰੀ ਕਾਗਜ਼ 'ਤੇ ਦਸਤਖਤ ਕਰਦਾ ਸੀ ਤੇ ਨਾ ਹੀ ਕਿਸੇ ਬਦਲੀ ਅਧੀਨ ਮੁਲਾਜ਼ਮ ਨੂੰ ਰਿਲੀਵ ਕਰਦਾ ਸੀ। ਜੈਵਿਜੇ ਦੀ ਬਦਲੀ ਡੀ.ਜੀ.ਪੀ. ਦਫਤਰ ਵੱਲੋਂ ਉਸ ਦੇ ਗ੍ਰਹਿ ਜ਼ਿਲ੍ਹੇ ਦੀ ਹੋ ਚੁੱਕੀ ਸੀ ਪਰ ਐਸ.ਐਸ.ਪੀ. ਉਨ੍ਹਾਂ ਆਰਡਰਾਂ 'ਤੇ ਕਾਲੀਆ ਨਾਗ ਬਣ ਕੇ ਬੈਠਾ ਹੋਇਆ ਸੀ।

ਇੱਕ ਦਿਨ ਉਸ ਨੇ ਆਪਣੇ ਰੀਡਰ ਰਾਹੀਂ ਜੈਵਿਜੇ ਨੂੰ ਫੋਨ ਕਰਵਾਇਆ ਕਿ ਤੁਹਾਨੂੰ ਫਲਾਣਾ ਬੰਦਾ ਮਿਲੇਗਾ, ਉਸ ਦਾ ਕੰਮ ਕਰ ਦੇਣਾ ਕਿਉਂਕਿ ਇਹ ਮੁੱਖ ਮੰਤਰੀ ਦਾ ਹੁਕਮ ਹੈ। ਜੈਵਿਜੇ ਡਿਊਟੀਆਂ ਆਦਿ ਵਿੱਚ ਉਲਝਿਆ ਰਿਹਾ ਤੇ ਉਸ ਕੰਮ ਬਾਰੇ ਭੁੱਲ ਭੁਲਾ ਗਿਆ। ਜਦੋਂ ਕਈ ਦਿਨ ਉਸ ਸਿਫਾਰਸ਼ੀ ਬੰਦੇ ਦਾ ਕੰਮ ਨਾ ਹੋਇਆ ਤਾਂ ਉਸ ਨੇ ਜਾ ਕੇ ਮੁੱਖ ਮੰਤਰੀ ਨੂੰ ਉਂਗਲ ਲਗਾ ਦਿੱਤੀ ਕਿ ਐਸ.ਐਸ.ਪੀ. ਨੇ ਤੁਹਾਡੇ ਹੁਕਮਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਮੁੱਖ ਮੰਤਰੀ ਨੇ ਐਸ.ਐਸ.ਪੀ ਦੀ ਲਾਹ ਪਾਹ ਕੀਤੀ ਤਾਂ ਸੜ ਬਲ ਕੇ ਉਸ ਨੇ ਜੈਵਿਜੇ ਦੀ ਵਿਭਾਗੀ ਪੜਤਾਲ ਖੋਲ੍ਹ ਦਿੱਤੀ। ਪਰ ਉਹ ਗਲਤੀ ਕਰ ਗਿਆ ਤੇ ਵਿਭਾਗੀ ਪੜਤਾਲ ਖੋਲ੍ਹਣ ਵਾਲੇ ਆਰਡਰ ਵਿੱਚ ਲਿਖ ਬੈਠਾ ਕਿ ਤੁਹਾਨੂੰ ਮੁੱਖ ਮੰਤਰੀ ਦੇ ਹੁਕਮਾਂ ਅਨੁਸਾਰ ਫਲਾਣਾ ਕੰਮ ਕਰਨ ਲਈ ਕਿਹਾ ਗਿਆ ਸੀ ਜੋ ਤੁਸੀਂ ਨਹੀਂ ਕੀਤਾ। ਜਿਲ੍ਹੇ ਦੇ ਹੈੱਡ ਕਲਰਕ ਨੇ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਆਰਡਰ ਵਿੱਚ ਮੁੱਖ ਮੰਤਰੀ ਦਾ ਵਰਨਣ ਨਹੀ ਕੀਤਾ ਜਾ ਸਕਦਾ, ਜੇ ਤੁਸੀਂ ਇਸ ਥਾਣੇਦਾਰ ਨੂੰ ਟੰਗਣਾ ਹੈ ਤਾਂ ਇਹ ਕੰਮ ਕਿਸੇ ਹੋਰ ਤਰੀਕੇ ਨਾਲ ਵੀ ਕੀਤਾ ਜਾ ਸਕਦਾ ਹੈ। ਪਰ ਸਵੈ ਘੋਸ਼ਿਤ ਸਰਵ ਸ਼ਰੇਸ਼ਠ ਐਸ.ਐਸ.ਪੀ. ਨੇ ਉਸ ਦੀ ਗੱਲ ਸੁਣਨ ਦੀ ਬਜਾਏ ਉਸ ਨੂੰ ਦਬਕੇ ਮਾਰ ਕੇ ਦਫਤਰ ਤੋਂ ਬਾਹਰ ਕੱਢ ਦਿੱਤਾ। ਐਸ.ਐਸ.ਪੀ. ਨੇ ਉਹ ਵਿਭਾਗੀ ਪੜਤਾਲ ਆਪਣੇ ਇੱਕ ਖਾਸਮ ਖਾਸ ਡੀ.ਐਸ.ਪੀ. ਨੂੰ ਮਾਰਕ ਕਰ ਦਿੱਤੀ ਤੇ ਕਿਹਾ ਕਿ ਇਸ ਥਾਣੇਦਾਰ ਦੀ ਅਜਿਹੀ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੋ ਇਸ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾ ਸਕੇ। ਡੀ.ਐਸ.ਪੀ. ਨੇ ਕਿਹਾ ਕਿ ਜ਼ਨਾਬ ਤੁਸੀਂ ਪ੍ਰਵਾਹ ਹੀ ਨਾ ਕਰੋ, ਵੇਖਿਉ ਮੈਂ ਕਿਸ ਤਰ੍ਹਾਂ ਥਾਣੇਦਾਰ ਨੂੰ ਮਿੱਟੀ ਵਿੱਚ ਰੋਲਦਾ ਹਾਂ। ਪੰਜਾਬ ਪੁਲਿਸ ਵਿੱਚ ਵਿਭਾਗੀ ਪੜਤਾਲ (ਡਿਪਾਰਟਮੈਂਟਲ ਇਨਕੁਆਰੀ) ਸਖਤ ਰੂਲਾਂ ਅਨੁਸਾਰ ਚੱਲਦੀ ਹੈ। ਕਿਸੇ ਨੂੰ ਠੋਕਣਾ ਹੋਵੇ ਤਾਂ ਵੀ ਉਸ ਨੂੰ ਆਪਣੀ ਲਿਖਤੀ ਸਫਾਈ ਦੇਣ ਦਾ ਪੂਰਾ ਮੌਕਾ ਦੇਣਾ ਪੈਂਦਾ ਹੈ ਨਹੀਂ ਤਾਂ ਦੋਸ਼ੀ ਹਾਈ ਕੋਰਟ ਵਿੱਚ ਰਿੱਟ ਕਰ ਦਿੰਦਾ ਹੈ। ਜਦੋਂ ਜੈਵਿਜੇ ਨੂੰ ਦੋਸ਼ ਪੱਤਰ ਮਿਲਿਆ ਤਾਂ ਉਸ ਨੇ ਆਪਣੇ ਜਵਾਬ ਵਿੱਚ ਲਿਖ ਦਿੱਤਾ ਕਿ ਉਹ ਮੁੱਖ ਮੰਤਰੀ ਨੂੰ ਬਤੌਰ ਗਵਾਹ ਪੇਸ਼ ਕਰਨਾ ਚਾਹੁੰਦਾ ਹੈ। ਇਹ ਵੇਖ ਕੇ ਡੀ.ਐਸ.ਪੀ. ਦੀ ਸਿੱਟੀ ਪਿੱਟੀ ਗੁੰਮ ਹੋ ਗਈ। ਉਸ ਨੇ ਜੈਵਿਜੇ ਨੂੰ ਬੁਲਾ ਕੇ ਕਿਹਾ ਕਿ ਇਹ ਨਹੀਂ ਹੋ ਸਕਦਾ। ਜੈਵਿਜੇ ਨੇ ਜਵਾਬ ਦਿੱਤਾ ਕਿ ਪੁਲਿਸ ਰੂਲ ਦੇ ਮੁਤਾਬਕ ਉਹ ਇਸ ਦਾ ਹੱਕਦਾਰ ਹੈ ਤੇ ਉਹ ਮੁੱਖ ਮੰਤਰੀ ਦੇ ਆਉਣ ਜਾਣ ਦਾ ਕਿਰਾਇਆ ਦੇਣ ਲਈ ਵੀ ਤਿਆਰ ਹੈ। ਉਹ ਮੁੱਖ ਮੰਤਰੀ ਨੂੰ ਸਵਾਲ ਪੁੱਛਣਾ ਚਾਹੁੰਦਾ ਕਿ ਉਸ ਨੇ ਐਸ.ਐਸ.ਪੀ. ਨੂੰ ਹੁਕਮ ਦਿੱਤਾ ਸੀ ਜਾਂ ਨਹੀਂ?

ਡੀ.ਐਸ.ਪੀ. ਫਟਾਫਟ ਫਾਈਲ ਕੱਛੇ ਮਾਰ ਕੇ ਐਸ.ਐਸ.ਪੀ. ਕੋਲ ਜਾ ਪਹੁੰਚਿਆ ਤੇ ਕਿਹਾ ਕਿ ਜ਼ਨਾਬ ਤੁਸੀਂ ਗਲਤ ਬੰਦੇ ਨਾਲ ਪੰਗਾ ਲੈ ਲਿਆ ਹੈ। ਉਹ ਤਾਂ ਮੁੱਖ ਮੰਤਰੀ ਨੂੰ ਗਵਾਹ ਰੱਖਣ ਬਾਰੇ ਕਹਿ ਰਿਹਾ ਹੈ। ਇਹ ਸੁਣ ਕੇ ਐਸ.ਐਸ.ਪੀ. ਨੂੰ ਆਪਣੀ ਕੁਰਸੀ ਹਿੱਲਦੀ ਦਿਸਣ ਲੱਗ ਪਈ। ਉਸ ਨੇ ਜੈਵਿਜੇ ਨੂੰ ਆਪਣੇ ਦਫਤਰ ਬੁਲਾ ਕੇ ਲੋਲੋ ਪੱਪੋ ਕੀਤੀ ਤੇ ਨਾਲੇ ਚਾਹ ਪਿਆਈ। ਉਸੇ ਵੇਲੇ ਉਸ ਦੀ ਵਿਭਾਗੀ ਪੜਤਾਲ ਫਾਈਲ ਕਰ ਕੇ ਉਸ ਨੂੰ ਰਿਲੀਵ ਵੀ ਕਰ ਦਿੱਤਾ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ 9501100062

## ਭਾਗ-28

# ਤਸਵੀਰ ਜ਼ਿੰਦਗੀ ਦੀ...

ਅਗਲੇ ਦਿਨ ਸਵੇਰੇ ਹੀ ਬਰਾੜ ਸਾਹਿਬ ਫੇਰ ਪਹੁੰਚ ਜੰਦੇ ਹਨ।

"ਹਾਂ ਜੀ ਭੈਣ ਜੀ ਕੋਈ ਮਿਲੀ ਜਾਣਕਾਰੀ ਨਾਨਕ ਬਾਰੇ ਰਿਸ਼ਤੇਦਾਰਾਂ ਕੋਲੋਂ?"

"ਨਹੀ ਵੀਰ ਜੀ ਕਿਸੇ ਕੋਲ ਵੀ ਨਹੀਂ ਗਿਆ..... ਮੈਂ ਸਭ ਨੂੰ ਫੋਨ ਕਰਕੇ ਪੁੱਛ ਲਿਆ।"

"ਚਲੋ ਠੀਕ ਪਰ ਤੁਸੀਂ ਚਿੰਤਾ ਨਹੀਂ ਕਰਨੀ। ਮੈਨੂੰ ਤੁਸੀਂ ਨਾਨਕ ਦੀ ਕੋਈ ਫੋਟੋ ਲਿਆ ਕੇ ਦੇਵੋਂ ਜੇ ਕੋਈ ਨਵੀਂ ਖਿੱਚੀ ਹੋਈ ਹੈ ਤਾਂ ਉਹ ਲਿਆ ਦਿਉ ਨਹੀਂ ਤਾਂ ਫੇਰ ਘਰੇ ਜਿਹੜੀ ਹੈ ਉਹੀ ਸਹੀ।"

"ਵੀਰਪਾਲ ਨਾਨਕ ਦੀ ਫੋਟੋ ਬਰਾੜ ਸਾਹਿਬ ਨੂੰ ਲਿਆ ਕੇ ਦਿੰਦੀ ਹੈ।"

"ਠੀਕ ਹੈ ਭੈਣ ਜੀ ਹੁਣ ਚੱਲਦਾ ਹਾਂ, ਅੱਜ ਕਈ ਕੰਮ ਕਰਨੇ ਹਨ।" ਆਖ ਬਰਾੜ ਸਾਹਿਬ ਚਲੇ ਜਾਂਦੇ ਹਨ।

ਸ਼ਹਿਰ ਵਿੱਚ ਉਹ ਥਾਣੇਦਾਰ ਨੂੰ ਮਿਲ ਕੇ ਗੁੰਮਸ਼ੁਦਾ ਦੀ ਰਿਪੋਰਟ ਕਰਦਾ ਹੈ ਤੇ ਫਿਰ ਅਖਬਾਰ ਦੇ ਦਫਤਰ ਜਾ ਕੇ ਅਖਬਾਰ ਵਿੱਚ ਗੁੰਮਸ਼ੁਦਾ ਦਾ ਇਸ਼ਤਿਹਾਰ ਛਪਵਾਉਂਦਾ ਹੈ।

(ਇਸ਼ਤਿਹਾਰ ਵਿੱਚ ਛਾਪਿਆ ਜਾਂਦਾ ਹੈ ਕਿ ਨਾਨਕ ਦਾ ਪਤਾ ਦੱਸਣ ਵਾਲੇ ਨੂੰ ਇੱਕ ਲੱਖ ਦਾ ਨਗਦ ਇਨਾਮ ਦਿੱਤਾ ਜਾਵੇਗਾ ਤੇ ਜੇ ਨਾਨਕ ਆਪ ਹੀ ਪੜ੍ਹ ਲਵੇ ਤਾਂ ਜਲਦੀ ਤੋਂ ਜਲਦੀ ਵਾਪਸ ਆ ਜਾਵੇ ਉਸਦੀਆਂ ਸਾਰੀਆਂ ਹੀ ਮੁਸ਼ਕਿਲਾਂ ਹੱਲ ਹੋ ਚੁੱਕੀਆਂ ਹਨ, ਉਸਨੂੰ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ..... ਵੱਲੋਂ ਵੀਰਪਾਲ ਕੌਰ)

ਇਹ ਇਸ਼ਤਿਹਾਰ ਸਾਰੇ ਹੀ ਅਖਬਾਰਾਂ ਵਿੱਚ ਛਪਵਾ ਦਿੱਤਾ ਗਿਆ। ਨਾਨਕ ਵੀ ਇਹ ਇਸ਼ਤਿਹਾਰ ਪੜ੍ਹ ਲੈਂਦਾ ਹੈ। ਪਹਿਲਾਂ ਤਾਂ ਇੱਕ ਦੋ ਦਿਨ ਨਾਨਕ ਡਰਦਾ ਰਿਹਾ ਪਰ ਫੇਰ ਹੌਸਲਾ ਕਰ ਉਸਨੇ ਆਪਣੀ ਮਾਂ ਨੂੰ ਫੋਨ ਕੀਤਾ ।

"ਹੈਲੋ...ਹੈਲੋ...!"ਵੀਰਪਾਲ ਝੱਟ ਹੀ ਨਾਨਕ ਦੀ ਆਵਾਜ਼ ਪਛਾਣ ਗਈ।

"ਹੈਲੋ ਨਾਨਕ ਪੁੱਤ ਤੂੰ ਕਿੱਥੇ ਹੈ...?"

"ਮਾਂ...ਮਾਂ ...ਮੈਂ....ਮੈਂ.....।"

"ਹਾਂ ਹਾਂ ਪੁੱਤਰ ਤੂੰ ਠੀਕ ਠਾਕ ਤਾਂ ਹੈ ਮੈਨੂੰ ਦੱਸ ਤਾਂ ਸਹੀ ਤੂੰ ਕਿੱਥੇ ਹੈ ...ਤੂੰ ਬੋਲਦਾ ਕਿਉਂ ਨਹੀਂ ਪੁੱਤ ਕੁਝ ਬੋਲ ਤਾਂ ਸਹੀ....... ।"

"ਮਾਂ ਮੈਂ ਬਨਾਰਸ ਵਿੱਚ ਹਾਂ।"

"ਪੁੱਤ ਤੂੰ ਉੱਥੇ ਕਿਵੇਂ ਪਹੁੰਚ ਗਿਆ, ਚੱਲ ਛੱਡ,ਤੂੰ ਠੀਕ ਠਾਕ ਤਾਂ ਹੈਂ।"

"ਹਾਂ.... ਹਾਂ ਮਾਂ ਮੈਂ ਬਿਲਕੁਲ ਠੀਕ ਠਾਕ ਹਾਂ ,ਤੂੰ ਤੇ ਬੇਬੇ ਠੀਕ ਹੋ.. ।"

"ਹਾਂ ਪੁੱਤ ਚੰਗੀਆਂ ਭਲੀਆ ਹਾਂ ਸਾਨੂੰ ਕੀ ਹੋਣਾ ਹੈ। ਤੂੰ ਵਾਪਸ ਆ ਜਾ ਪੁੱਤ ਤੇਰੇ ਬਿਨਾਂ ਤਾਂ ਘਰ ਖਾਣ ਨੂੰ ਆਉਂਦਾ ਹੈ। ਨਾਲੇ ਅਸੀਂ ਤੇਰੇ ਬਿਨਾਂ ਕੁਝ ਵੀ ਨਹੀਂ ਹਾਂ।"

"ਪਰ ਮਾਂ. ...... ।"

"ਕੀ ਪਰ ਪੁੱਤ ਦੱਸ ਕੀ...?"

"ਉਹ ਬਘੇਲ ਸਿੰਘ ਨੇ ਨਹੀਂ ਮੈਨੂੰ ਛੱਡਣਾ ਆਪਾਂ....ਉਸਦੇ ਪੈਸੇ ਕਿੱਥੋ ਦੇਵਾਂਗੇ?"

"ਉਹ ਬਘੇਲਾ ਤਾਂ ਬਰਾੜ ਸਾਹਿਬ ਨੇ ਜੇਲ੍ਹ ਵਿੱਚ ਭੇਜ ਦਿੱਤਾ ਹੈ।"

"ਕਿਹੜੇ ਬਰਾੜ ਸਾਹਿਬ ਨੇ.....?"

"ਤੇਰੇ ਸਹੁਰੇ ਨੇ।"

"ਉਹਨਾਂ ਨੂੰ ਵੀ ਪਤਾ ਲੱਗ ਗਿਆ...... ਹਾਂ ਪੁੱਤ ਉਹ ਭਲੇ ਬੰਦੇ ਨੇ ਅੱਗੇ ਲੱਗ ਕੇ ਉਹਨਾਂ ਨੇ ਹੀ ਸਾਰਾ ਕੁਝ ਕੀਤਾ ਹੈ,ਨਹੀਂ ਤਾਂ ਸਾਨੂੰ ਪਿੰਡ ਵਿੱਚ ਕਿਸਨੇ ਰਹਿਣ ਦੇਣਾ ਸੀ ਟ।"

"ਅੱਛਾ ......!"

"ਹਾਂ ਪੁੱਤ ਹੁਣ ਤੂੰ ਜਿੰਨੀ ਛੇਤੀ ਹੋ ਸਕੇ ਵਾਪਸ ਆ ਜਾਹ ਕੋਈ ਤੇਰਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।"

"ਠੀਕ ਹੈ ਮਾਂ ..... ਜੇ ਰੱਬ ਨੇ ਚਾਹਿਆ ਤਾਂ ਆਪਾਂ ਛੇਤੀ ਹੀ ਮਿਲਦੇ ਹਾ। "ਆਖ ਫੋਨ ਰੱਖ ਦਿੰਦਾ ਹੈ।

(ਵੀਰਪਾਲ, ਬਰਾੜ ਸਾਹਿਬ ਨੂੰ ਫੋਨ ਕਰਕੇ ਨਾਨਕ ਨਾਲ ਹੋਈ ਸਾਰੀ ਗੱਲ ਦੱਸਦੀ ਹੈ)

"ਆਹ! ਤਾਂ ਤੁਸੀਂ ਬਹੁਤ ਹੀ ਖੁਸ਼ੀ ਦੀ ਖਬਰ ਸੁਣਾਈ ਹੈ ਭੈਣ ਜੀ... ਬਹੁਤ ਵਧੀਆ ਹੋ ਗਿਆ... ਚਲੋ ਆਪਣੀਆਂ ਮਿਹਨਤਾ ਨੂੰ ਬੂਰ ਤਾਂ ਪਿਆ.... ਰੱਬ ਨੇ



ਆਪਣੀ ਸੁਣ ਲਈ।"

"ਹਾਂ ਵੀਰ ਜੀ ਇਹ ਸਭ ਕੁਝ ਤੁਹਾਡੇ ਕਰਕੇ ਹੀ ਹੋਇਆ ਹੈ।"

"ਤੁਸੀਂ ਇਹ ਸਭ ਛੱਡੋ ਮੇਰੀ ਇੱਕ ਗੱਲ ਧਿਆਨ ਨਾਲ ਸੁਣੋ ਜਿਹਨਾਂ ਚਿਰ ਨਾਨਕ ਘਰ ਨਹੀਂ ਆ ਜਾਂਦਾ ,ਇਹ ਗੱਲ ਕਿਸੇ ਕੋਲ ਭੁੱਲ ਕੇ ਵੀ ਨਹੀਂ ਕਰਨੀ।"

"ਠੀਕ ਹੈ ਵੀਰ ਜੀ।"

(ਪੰਜ ਦਿਨਾਂ ਬਾਅਦ ਨਾਨਕ ਘਰ ਵਾਪਸ ਆ ਜਾਂਦਾ ਹੈ, ਵੀਰਪਾਲ ਤੇ ਸੀਤੋ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੈ । ਉਹ ਕਦੇ ਜੱਫੀਆਂ ਪਾਉਂਦੀਆਂ ਹਨ ਕਦੇ ਮੂੰਹ ਚੁੰਮਦੀਆ ਹੈ... ਉਹਨਾਂ ਨੂੰ ਸਮਝ ਨਹੀਂ ਆ ਰਿਹਾ ਕੇ ਕੀ ਕਰਨ)

"ਪੁੱਤ ਕੋਈ ਐ ਵੀ ਕਰਦਾ ਹੁੰਦਾ ਹੈ....?"

"ਮੈਨੂੰ ਮੁਆਫ਼ ਕਰ ਦਿਉ,ਮੈ ਡਰ ਗਿਆ ਸੀ ਮਾਂ.....ਇਸੇ ਲਈ ਹੀ ਗਲਤੀ ਕਰ ਬੈਠਾ।"

"ਚੱਲ ਕੋਈ ਨਾ ਪੁੱਤ ਡੁੱਲ੍ਹੇ ਬੇਰਾ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ.... ਨਾਲੇ ਸਾਡਾ ਨਾਨਕ ਸਾਡੇ ਕੋਲ ਆ ਗਿਆ ਹੈ ਅਸੀਂ ਹੋਰ ਕੀ ਲੈਣਾ ਹੈ।"

"ਪਰ ਨਾਨਕਾ ਇੱਕ ਗੱਲ ਸਮਝ ਨਹੀਂ ਆਈ ਕਿ ਤੂੰ ਬਨਾਰਸ ਕਿਵੇਂ ਪਹੁੰਚ ਗਿਆ?"ਗੁਰਨਾਮ ਨੇ ਨਾਨਕ ਨੂੰ ਪੁੱਛਿਆ ।

"ਉਹ ਤਾਇਆ ਮੈਂ ਪਹਿਲਾਂ ਤਾਂ ਨਹਿਰਾਂ ਤੇ ਗਿਆ, ਮਨ ਵਿੱਚ ਆਇਆ ਮਰ ਹੀ ਜਾਵਾਂ... ਇੰਨੇ ਵਿੱਚ ਇੱਕ ਸੰਤਾਂ ਦੀ ਜੀਪ ਉੱਥੇ ਆ ਗਈ,ਉਹਨਾਂ ਨੇ ਮੈਨੂੰ ਸਮਝਾਇਆ ਕਿ ਆਤਮ ਹੱਤਿਆ ਕਰਨਾ ਤਾਂ ਪਾਪ ਹੁੰਦਾ ਹੈ ਮਰਨ ਬਾਅਦ ਵੀ ਮੁਕਤੀ ਨਹੀ ਮਿਲਦੀ। ਬਸ ਫੇਰ ਕੀ ਸੀ ਮੈਂ ਉਹਨਾਂ ਦੇ ਨਾਲ ਹੀ ਬਨਾਰਸ ਚਲਾ ਗਿਆ।"

"ਭਲਾ ਹੋਵੇ ਉਹਨਾਂ ਰੱਬ ਵਰਗੇ ਸੰਤਾਂ ਦਾ ਜਿੰਨਾ ਨੇ ਮੇਰੇ ਪੁੱਤ ਦੀ ਜਾਨ ਬਚਾ ਲਈ", ਸੀਤੋ ਬੋਲੀ।

(ਗੱਲਾਂ ਕਰਦਿਆਂ ਹੀ ਬਰਾੜ ਸਾਹਿਬ ਵੀ ਆ ਜਾਂਦੇ ਹਨ)

"ਸਤਿ ਸ੍ਰੀ ਅਕਾਲ ਭੈਣ ਜੀ।"

"ਸਤਿ ਸ੍ਰੀ ਅਕਾਲ ਵੀਰ ਜੀ... ਆ ਜਾਉ ਜੀ,ਜੀ ਆਇਆਂ ਨੂੰ ।"

"ਹਾਂ ਜੀ ਪੁੱਤਰ ਜੀ ਆ ਗਏ।"(ਨਾਨਕ ਚੁੱਪ ਕਰ ਜਾਂਦਾ ਹੈ.)ਕੋਈ ਨਾ ਪੁੱਤ ਗਲਤੀ ਤਾਂ ਹਰ ਇਨਸਾਨ ਤੋ ਹੀ ਹੋ ਜਾਂਦੀ ਹੈ। ਜੇ ਸਵੇਰ ਦਾ ਨੂੰ ਭੁੱਲਿਆ ਸ਼ਾਮ ਨੂੰ ਘਰ ਵਾਪਸ ਆ ਜਾਵੇ ਤਾਂ ਭੁੱਲਿਆ ਨਹੀਂ ਹੁੰਦਾ....ਸੰਭਾਲ ਆਪਣਾ ਕੰਮ ਕਾਰ ਵਾਢੀ ਦਾ ਸਮਾਂ ਵੀ ਆਉਣ ਵਾਲਾ ਹੈ।"

" ਹਾਂ ਜੀ ਹਾਂ ਜੀ..... !"

"ਜੇ ਕੋਈ ਹੋਰ ਪਰੇਸ਼ਾਨੀ ਹੈ ਤਾਂ ਦੱਸ ਸਾਨੂੰ,ਆਪੇ ਹੀ ਸਭ ਕੁਝ ਠੀਕ ਹੋ ਜਾਵੇਗਾ।"

"ਨਹੀਂ ਜੀ ਹੋਰ ਤਾਂ ਕੋਈ ਨਹੀਂ ... ਬਸ ਬਘੇਲ ਸਿੰਘ ਤੇ ਪੁਲਿਸ ਵਾਲੇ ਹੀ ਤੰਗ ਕਰਦੇ ਸੀ।"

ਬਘੇਲ ਸਿੰਘ ਤਾਂ ਗਿਆ ਦਸ ਸਾਲਾਂ ਲਈ ਅੰਦਰ ਤੇ ਪੁਲਿਸ ਤੇਰੀ ਹਵਾ ਵੱਲ ਵੀ ਨਹੀਂ ਦੇਖੇਗੀ।"

"ਠੀਕ ਹੈ ਜੀ।"

"ਬਾਕੀ ਪੁੱਤਰ ਜੀ ਮੁਸੀਬਤਾਂ ਤਾਂ ਜਿੰਦਗੀ ਵਿੱਚ ਆਉਂਦੀਆਂ ਹੀ ਰਹਿੰਦੀਆਂ ਨੇ, ਉਹਨਾਂ ਦਾ ਸਾਹਮਣਾ ਕਰੀਦਾ ਹੈ ਵੇਖ ਘਬਰਾਉਂਦੇ ਨਹੀਂ ਹੁੰਦੇ।"

"ਜੀ ਜੀ ਜੀ.... !"

"ਭੈਣ ਜੀ ਨਾਲੇ ਛੇਤੀ ਸੱਦੋ ਕੁੜੀਆਂ ਨੂੰ ਫੇਰ ਨਾਨਕ ਦੇ ਪੈਰਾਂ ਵਿੱਚ ਬੇੜੀਆਂ ਪਾਈਏ (ਵਿਆਹ) ਕਿਤੇ ਫੇਰ ਨਾ ਉਡਾਰੀ ਮਾਰ ਜਾਵੇ।"

(ਬਰਾੜ ਦੀ ਗੱਲ ਸੁਣ ਸਾਰੇ ਹੱਸ ਪੈਂਦੇ ਹਨ)

ਵੀਰਪਾਲ ਹੰਝੂ ਵਹਾਈ ਜਾਂਦੀ ਹੈ।


" ਭੈਣ ਜੀ ਹੁਣ ਇੰਝ ਨਾ ਕਰੋ.... ਪਹਿਲਾਂ ਤਾਂ ਤੁਸੀਂ ਤਾਂ ਹੰਝੂ ਵਹਾ ਰਹੇ ਸੀ ਕਿ ਨਾਨਕ ਹੈ ਨਹੀਂ ਸੀ ਹੁਣ ਤਾਂ ਨਾਨਕ ਆਪਣੇ ਕੋਲ ਹੈ ਫੇਰ ਹੁਣ ਕਿਉਂ ਮਨ ਖਰਾਬ ਕਰੀ ਜਾਂਦੇ ਹੋ।"

"ਵੀਰ ਜੀ ਇਹਨਾਂ ਹੰਝੂਆਂ ਦੀ ਆਪਣੀ ਹੀ ਮਰਜ਼ੀ ਹੁੰਦੀ ਹੈ ....ਪਹਿਲਾਂ ਦੁੱਖ ਦੇ ਸਨ ਤੇ ਹੁਣ ਖੁਸ਼ੀ ਦੇ ਹਨ।"

ਧੰਨਵਾਦ।

(ਮੈਂ ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਪਾਠਕਾਂ ਦਾ ਵੀ ਜਿਹਨਾਂ ਨੇ ਮੇਰੇ ਇਸ ਲੜੀਵਾਰ ਦਾ ਹਰ ਇੱਕ ਭਾਗ ਪੜਿਆ ਤੇ ਆਪਣੇ ਬਹੁਮੁੱਲੇ ਵਿਚਾਰਾਂ ਨਾਲ ਇਸ ਨਾਚੀਜ਼ ਨੂੰ ਨਵਾਜਿਆ। ਮੈਂ ਪੂਰੀ ਉਮੀਦ ਹੈ ਕਿ ਤੁਸੀਂ ਅੱਗੇ ਤੋਂ ਵੀ ਮੇਰਾ ਇੰਝ ਹੀ ਸਾਥ ਦਿੰਦੇ ਰਹੋਗੇ, ਆਪਜੀ ਦੇ ਸਾਥ ਦੀ ਉਮੀਦ ਵਿੱਚ.....!

ਸਮਾਪਤ



ਸੰਦੀਪ ਦਿਉੜਾ
8437556667

# ਦਿਲਜੀਤ ਦੁਸਾਂਝ ਤੇ ਨਰਿੰਦਰ ਮੋਦੀ ਮਿਲਣੀ ਦਾ ਵਿਵਾਦ !

ਦਿਲਜੀਤ ਦੁਸਾਂਝ ਪੰਜਾਬੀ ਗਾਇਕ ਅਤੇ ਕਲਾਕਾਰ ਹੈ। ਉਸ ਨੇ ਆਪਣੀ ਮਿਹਨਤ ਨਾਲ ਤਰੱਕੀ ਦੀਆਂ ਮੰਜਿਲਾਂ ਬੁਲੰਦ ਕਰਕੇ, ਆਪਣੇ ਨਾਮ ਦਾ ਪਰਚਮ ਬੁਲੰਦ ਕੀਤਾ ਹੈ, ਪੰਜਾਬੀ ਬੋਲੀ ਅਤੇ ਸੱਭਿਆਚਾਰ ਦਾ ਪੂਰੇ ਵਿਸ਼ਵ ਵਿਚ ਪ੍ਰਚਾਰ ਤੇ ਪਰਸਾਰ ਕੀਤਾ ਹੈ । ਦਿਲਜੀਤ ਦੁਸਾਂਝ ਨੇ ਵਿਸ਼ਵ ਵਿਚ ਪੰਜਾਬੀਆਂ ਦਾ ਕੱਦ ਮਾਣ ਵਧਾਇਆ ਹੈ।

ਏਹੀ ਕਾਰਨ ਹੈ ਕਿ ਅੱਜ ਬਾਲੀਵੁੱਡ ਵਿਚ ਵੀ ਮੁੜ ਤੋਂ ਪੰਜਾਬੀ ਗੀਤਾਂ ਦੀ ਧਮਕ ਆਮ ਹੀ ਪੈਂਣ ਲੱਗ ਪਈ ਹੈ ਤੇ ਇਸ ਦੇ ਨਾਲ ਹੀ ਦੂਜੇ ਮੁਲਕਾਂ ਦੇ ਲੋਕ ਵੀ ਪੰਜਾਬੀ ਗੀਤਾਂ ਦੀ ਬੋਲ ਤਾਲ ਤੇ ਨੱਚ ਖਿੜਕ ਰਹੇ ਹਨ। ਇਸ ਤੋਂ ਵੀ ਹੋਰ ਅੱਗੇ, ਚੰਗੀ ਗੱਲ ਇਹ ਹੈ ਕਿ ਇਹ ਦਿਲਜੀਤ ਦੇ ਗੀਤ ਸੰਗੀਤ ਦਾ ਹੀ ਅਸਰ ਹੈ ਕਿ ਵਿਦੇਸ਼ਾਂ ਚ ਜਨਮੇ ਪੰਜਾਬੀ ਮੂਲ ਦੇ ਬੱਚੇ, ਪੰਜਾਬੀ ਸਿੱਖਣ ਪ੍ਰਤੀ ਮੁੜ ਤੋਂ ਰੁਚਿੱਤ ਹੋ ਰਹੇ ਹਨ ਤੇ ਇਸ ਦੇ ਨਾਲ ਹੀ ਵਿਦੇਸ਼ੀ ਲੋਕ (ਗੋਰੇ/ਕਾਲੇ/ਚੀਨੀ/ਜਪਾਨੀ ਆਦਿ)ਵੀ ਪੰਜਾਬੀ ਬੋਲੀ ਸਿੱਖਣ ਵਾਸਤੇ ਪਰੇਰਿਤ ਹੋ ਰਹੇ ਹਨ। ਦਿਲਜੀਤ ਨੇ ਆਪਣੀ ਲਗਨ ਤੇ ਮਿਹਨਤ ਨਾਲ ਆਪਣੇ ਨਾਮ ਮੁਤਾਬਿਕ ਹੀ ਲੋਕਾਈ ਦਾ ਦਿਲ ਜਿੱਤ ਲਿਆ ਹੈ । ਉਸ ਦੇ ਕਨਸਰਟਾਂ ਵਿਚ ਲੱਖਾਂ ਦਾ ਇਕੱਠ ਇਹ ਦੱਸਦਾ ਹੈ ਕਿ ਉਸ ਦੀ ਕਲਾ ਦਾ ਜਾਦੂ ਲੋਕਾਈ ਦੇ ਸਿਰ ਚੜ੍ਹਕੇ ਬੋਲ ਰਿਹਾ ਹੈ। ਅੱਜ ਦੇ ਸਮੇ ਵਿਚ ਉਹ ਬਾਲੀਵੁੱਡ ਉੱਤੇ ਵੀ ਭਾਰੂ ਪੈ ਰਿਹਾ ਹੈ। ਦਰਅਸਲ ਸਮਾਂ ਉਸ ਦੇ ਨਾਲ ਹੈ ਤੇ ਉਹ ਸਮੇ ਦਾ ਸ਼ਾਹ ਅਸਵਾਰ ਹੈ।

ਪਿਛੇ ਜਿਹੇ ਕਨੇਡਾ ਦਾ ਪ੍ਰਧਾਨਮੰਤਰੀ ਜਸਟਿਨ ਟਰੂਡੋ ਉਸ ਨੂੰ ਕਨੇਡਾ ਦੀ ਇਕ ਸਟੇਜ ਉੱਤੇ ਜੱਫੀ ਪਾ ਕੇ ਮਿਲਿਆ ਤੇ ਹੁਣ ਬੀਤੇ ਦਿਨੀਂ ਉਸੇ ਪਿਰਤ ਨੂੰ ਕਾਇਮ ਰੱਖਦਿਆਂ, ਭਾਰਤ ਦਾ ਪ੍ਰਧਾਨ ਮੰਤਰੀ ਵੀ ਉਸ ਨੂੰ ਜੱਫੀਆਂ ਪਾਉਂਦਾ ਦੇਖਿਆ ਗਿਆ । ਫਰਕ ਸਿਰਫ ਇਹ ਰਿਹਾ ਕਿ ਕਨੇਡਾ ਦਾ ਪ੍ਰਧਾਨ ਮੰਤਰੀ ਦਲਜੀਤ ਨੂੰ ਆਮ ਪਬਲਿਕ ਵਿਚਕਾਰ ਮਿਲਿਆ ਤੇ ਭਾਰਤ ਦਾ ਪ੍ਰਧਾਨ ਮੰਤਰੀ ਆਪਣੇ ਦਫਤਰ ਦੇ ਬੰਦ ਕਮਰੇ ਵਿਚ।

ਅਸੀਂ ਜਾਣਦੇ ਹਾਂ ਹਰਦੀਪ ਸਿੰਘ ਨਿੱਜਰ ਦੇ ਕਤਲ ਮਾਮਲੇ ਨੂੰ ਲੈ ਕੇ ਕਨੇਡਾ ਅਤੇ ਭਾਰਤ ਦੇ ਰਿਸ਼ਤੇ ਪਿਛਲੇ ਕੁੱਝ ਸਮੇਂ ਤੋਂ ਬੜੇ ਤਲਖ ਚਲੇ ਆ ਰਹੇ ਹਨ, ਏਹ ਵੀ ਇੱਕ ਵੱਡਾ ਕਾਰਨ ਹੋ ਸਕਦਾ ਹੈ, ਕਿ ਤਾਏ ਦੀ ਧੀਅ ਚੱਲੀ ਤਾਂ ਮੈਂ ਕਿਓਂ ਰਹਾਂ ਕੱਲੀ ਵਾਲੀ ਕਹਾਵਤ ਮੁਤਾਬਕ, ਮੋਦੀ ਨੇ ਦਲਜੀਤ ਨੂੰ ਮਿਲਣ ਵਾਸਤੇ ਜਸਟਿਨ ਟਰੂਡੋ ਦੀ ਨਕਲ ਹੀ ਕੀਤੀ ਹੋਵੇ।

ਇਥੋਂ ਇਹ ਦੱਸਣਾ ਬਣਦਾ ਹੈ ਕਿ ਕਨੇਡਾ ਦਾ ਪ੍ਰਧਾਨ ਮੰਤਰੀ ਦਿਲਜੀਤ ਦੁਸਾਂਝ ਨੂੰ ਆਪ ਮਿਲਣ ਗਿਆ ਜਦ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦਿਲਜੀਤ ਉਸ ਦੇ ਸੱਦੇ ਪੱਤਰ 'ਤੇ ਆਪ ਮਿਲਣ ਗਿਆ ।

ਸੋ ਦੋਵੇਂ ਮਿਲਣੀਆ ਦਰਮਿਆਨ ਦੋਹਾਂ ਦੇਸਾਂ ਦੇ ਪ੍ਰਧਾਨ ਮੰਤਰੀਆਂ ਦੀ ਭਾਵਨਾ ਦਾ ਵਖਰੇਵਾਂ ਰਿਹਾ । ਜਸਟਿਨ ਟਰੂਡੋ ਨੇ ਜਿਥੇ ਮਿਲਣੀ ਸਮੇ ਮੋਹ ਤੇ ਅਪਣੱਤ ਦਾ ਭਰਵਾਂ ਇਜਹਾਰ ਕੀਤਾ , ਉਥੇ ਭਾਰਤੀ ਪ੍ਰਧਾਨ ਮੰਤਰੀ ਨੇ ਪਰੋਟੋਕੋਲ ਨੂੰ ਪਹਿਲ ਦਿੱਤੀ । ਰਹਿਣ ਦਾ ਭਾਵ ਇਹ ਹੈ ਕਿ ਕਿਸੇ ਨੂੰ ਭੱਜਕੇ ਧਾਅ ਗਲਵੱਕੜੀ ਪਾਉਣੀ ਤੇ ਕਿਸੇ ਨੂੰ ਦਫਤਰ ਸੱਦਕੇ ਹੱਥ ਮਿਲਾਉਣ ਦੀ ਭਾਵਨਾ ਪਿੱਛੇ ਜਮੀਨ ਅਸਮਾਨ ਦਾ ਅੰਤਰ ਹੁੰਦਾ ਹੈ ਜੋ ਉਕਤ ਦੋ ਮਿਲਣੀਆਂ ਤੋਂ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ ।

ਅਗਲੀ ਗੱਲ, ਇਹਨਾਂ ਦੋਹਾਂ ਮਿਲਾਪਾਂ ਨਾਲ ਜੁੜੇ ਵਾਦ ਵਿਵਾਦ ਦੀ ਹੈ। ਜਦੋ ਦਿਲਜੀਤ ਦੁਸਾਂਝ , ਕਨੇਡਾ ਦੇ ਪ੍ਰਧਾਨ ਮੰਤਰੀ ਮਿਸਟਰ ਟਰੂਡੋ ਨੂੰ ਮਿਲਿਆ ਸੀ ਤਾਂ ਭਾਰਤ ਦੀ ਹਿੰਦੂ ਲਾਬੀ ਅਤੇ ਮੀਡੀਏ ਨੇ ਸਖਤ ਵਿਰੋਧ ਤੇ ਆਲੋਚਨਾ ਕਰਨ ਦਾ ਚੀਕ ਚਿਹਾੜਾ ਪਾਇਆ ਸੀ ਤੇ ਇਸ ਉਤੇ ਬੜਾ ਵੱਡਾ ਵਿਵਾਦ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਹੁਣ ਸ਼ੋਸ਼ਲ ਮੀਡੀਆ ਉਤੇ ਫਿਰ ਤੋਂ ਦਿਲਜੀਤ – ਮੋਦੀ ਮਿਲਣੀ ਦੇ ਪੱਖ ਤੇ ਵਿਰੋਧ ਵਿਚ ਵੱਡੀ ਚਰਚਾ ਚੱਲ ਰਹੀ ਹੈ ।



ਗੱਲ ਕੀ ਕਿ ਦਿਲਜੀਤ ਨੂੰ ਹਰ ਕੋਈ ਆਪਣੀ ਸੰਗਲੀ ਪਾ ਕੇ ਆਪਣੇ ਅਧੀਨ ਕਰਕੇ ਆਪਣੇ ਮੁਤਾਬਿਕ ਨਾਚ ਨਚਾਉਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ ਤੇ ਸਿਆਸੀ/ਸਮਾਜੀ ਲਾਹੇ ਲਈ ਵਰਤਣ ਦੀ ਕੋਸ਼ਿਸ਼ ਵਿਚ ਹੈ ਜਦ ਕਿ ਇਹ ਗੱਲ ਕੋਈ ਵੀ ਸਮਝਣ ਨੂੰ ਤਿਆਰ ਨਹੀ ਕਿ ਉਹ ਇਕ ਕਲਾਕਾਰ ਹੈ ਤੇ ਕਲਾਕਾਰੀ ਕਰਨਾ ਉਸ ਦਾ ਪੇਸ਼ਾ ਹੈ, ਜੇਕਰ ਉਸ ਨੂੰ ਆਪਣੀ ਕਲਾ ਨਾਲ ਪ੍ਰਸਿੱਧੀ ਮਿਲਦੀ ਹੈ ਤਾਂ ਇਹ ਉਸ ਦੀ ਆਪਣੀ ਮਿਹਨਤ ਹੈ, ਜਿਸ ਨੂੰ ਹੋਰ ਕਿਸੇ ਵੀ ਮਨੋਰਥ ਲਈ ਵਰਤਣਾ ਜਾਂ ਨਾ ਵਰਤਣਾ ਉਸ ਦੀ ਆਪਣੀ ਮਰਜੀ ਹੈ । ਸੋ ਉਸ ਨੇ ਕਿਸਨੂੰ ਮਿਲਣਾ ਹੈ ਜਾਂ ਨਹੀ ਮਿਲਣਾ ਤੇ ਕੀਹਦੇ ਨਾਲ ਕੀ ਗੱਲ ਕਰਨੀ ਹੈ ਜਾਂ ਨਹੀਂ, ਇਹ ਉਸਦੀ ਮਰਜੀ ਹੈ। ਉਸ ਉੱਤੇ ਇਹਨਾਂ ਪੱਖਾਂ ਤੋ ਇਤਰਾਜ ਕਰਨਾ ਕਿਸੇ ਵੀ ਤਰਾਂ ਜਾਇਜ ਨਹੀਂ।

ਪਿਛਲ ਕਿਸਾਨ ਮੋਰਚੇ ਵਿਚ ਦਿਲਜੀਤ ਨੇ ਆਪਣੀ ਮਰਜੀ ਨਾਲ ਮੋਰਚੇ ਦਾ ਸਾਥ ਦਿੱਤਾ ਤੇ ਕਰੋੜਾਂ ਰੁਪਏ ਦੀ ਸਹਾਇਤਾ ਵੀ ਦਿੱਤੀ । ਉਹ ਕਿਸਾਨ ਦਾ ਪੁੱਤਰ ਹੈ ਤੇ ਹਮੇਸ਼ਾ ਕਿਸਾਨਾਂ ਦੇ ਨਾਲ ਹੈ । ਕਿਸਾਨਾਂ ਅਤੇ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੀਆਂ ਬੀਬੀਆਂ ਬਾਰੇ ਬਕਵਾਸ ਕਰਨ ਵਾਲੀ ਕਲਾਕਾਰ ਕੰਗਣਾ ਰਣਾਵਤ ਜੋ ਹੁਣ ਭਾਜਪਾ ਦੀ ਐਮ ਪੀ ਵੀ ਹੈ, ਦੀ ਸਭ ਤੋਂ ਪਹਿਲਾਂ ਭੁਗਤ ਸਵਾਰਨ ਅਤੇ ਕੁੱਤੇਖਾਣੀ ਕਰਨ ਵਾਲਾ ਵੀ ਦਿਲਜੀਤ ਦੁਸਾਂਝ ਹੀ ਹੈ, ਮੋਦੀ ਦੀ ਮਿਲਣੀ ਨਾਲ ਉਹ ਇਕ ਵਾਰ ਫਿਰ ਉਸੇ ਕੰਗਣਾ ਦੀ ਖੁੰਭ ਠੱਪਣ ਵਿਚ ਕਾਮਯਾਬ ਰਿਹਾ ਹੈ। ਇਹ ਓਹੀ ਨੌਜਵਾਨ ਹੈ ਜਿਸ ਨੂੰ ਭਾਜਪਾਈ, ਖਾਲਸਤਾਨੀ ਤੇ ਟੁੱਕੜੇ ਟੁੱਕੜੇ ਗੈਂਗ ਦਾ ਮੈਂਬਰ ਦੱਸਕੇ ਨਿੰਦਦੇ ਸਨ, ਸਮੇ ਦਾ ਚੱਕਰ ਦੇਖੋ ਕਿ ਹੁਣ ਉਹਨਾਂ ਭਾਜਪਾਈਆਂ ਦਾ ਮੁਖੀ ਹੀ ਉਸ ਨੂੰ ਜੱਫੀਆਂ ਪਾ ਰਿਹਾ ਹੈ ।



ਪਰ ਇਸ਼ ਤੋ ਕਦੇ ਵੀ ਇਹ ਨਹੀ ਸਮਝ ਲੈਣਾ ਚਾਹੀਦਾ ਕਿ ਦਿਲਜੀਤ ਸ਼ਾਇਦ ਭਾਜਪਾ ਨਾਲ ਮਿਲ ਗਿਆ ਹੋਵੇ ਕਿਉਂਕਿ ਇਹ ਵੀ ਸੰਭਵ ਹੋ ਸਕਦਾ ਹੈ ਕਿ ਦਿਲਜੀਤ ਦਾ ਪੰਜਾਬ ਤੇ ਭਾਰਤ ਦੇ ਨੌਜਵਾਨ ਵਰਗ ਉੱਤੇ ਵਧ ਰਿਹਾ ਪ੍ਰਭਾਵ ਕੇਂਦਰ ਸਰਕਾਰ ਨੂੰ ਪੰਜਾਬ ਦੇ ਮਸਲੇ ਦਾ ਹੱਲ ਕਰਨ ਵਾਸਤੇ ਦਬਾ ਬਣਾ ਰਿਹਾ ਹੋਵੇ, ਜਿਸ ਕਰਕੇ ਪ੍ਰਧਾਨ ਮੰਤਰੀ ਮੋਦੀ ਉਸ ਨੂੰ ਮਿਲਕੇ ਦੇਸ਼ ਦੀ ਨੌਜਵਾਨੀ ਦਾ ਦਿਲ ਜਿੱਤ ਕੇ ਕੋਈ ਰਾਜਨੀਤਿਕ ਲਾਹਾ ਲੈਣਾ ਚਾਹੰਦਾ ਹੋਵੇ ਜਾਂ ਫਿਰ ਕਿਸਾਨਾਂ ਤੇ ਦੇਸ਼ ਦੇ ਹੋਰ ਲੋਕਾਂ ਦੀਆਂ ਮੰਗਾਂ ਮੰਨਣ ਤੋਂ ਲੋਕਾਂ ਦਾ ਮਨ ਦੂਸਰੇ ਪਾਸੇ ਲਾਉਣ ਦਾ ਪੈਂਤਰਾ ਵਰਤ ਰਿਹਾ ਹੋਵੇ । ਇਹ ਵੀ ਹੋ ਸਕਦਾ ਕਿ ਨਰਿੰਦਰ ਮੋਦੀ , ਦਿਲਜੀਤ ਦੁਸਾਂਝ ਨੂੰ ਮਿਲਕੇ, ਕਨੇਡਾ ਤੇ ਭਾਰਤ ਦੇ ਤਲਖ ਸੰਬੰਧਾਂ ਦੇ ਮੱਦੇਨਜ਼ਰ ਕਨੇਡਾ ਦੇ ਪ੍ਰਧਾਨਮੰਤਰੀ ਜਸਟਿਨ ਟਰੂਡੋ ਨੂੰ ਕੋਈ ਮੈਸੇਜ ਦੇਣਾ ਚਾਹੁੰਦਾ ਹੋਵੇ ਜਾਂ ਫਿਰ ਵਿਦੇਸ਼ਾਂ ਵਿਚ ਚੱਲ ਰਹੀ ਖਾਲਿਸਤਾਨੀ ਲਹਿਰ ਨੂੰ ਫਿੱਕਾ ਕਰਨ ਦੀ ਕੋਸ਼ਿਸ਼ ਵਿਚ ਹੋਵੇ । ਕਹਿਣ ਦਾ ਭਾਵ ਇਹ ਹੈ ਕਿ ਦਿਲਜੀਤ ਦੀ ਪ੍ਰਧਾਨ ਮੰਤਰੀ ਮੋਦੀ ਨਾਲ ਮਿਲਣੀ ਦੇ ਬਹੁਤ ਸਾਰੇ ਪਹਿਲੂ ਵਿਚਾਰ ਗੋਚਰੇ ਹਨ ਅਤੇ ਇਸ ਘਟਨਾ ਕ੍ਰਮ ਦੇ ਅਰਥ ਵੀ ਡੂੰਘੇ ਹਨ ਜਿਸ ਦਾ ਪਤਾ ਆਉਣ ਵਾਲੇ ਸਮੇਂ ਹੀ ਲੱਗੇਗਾ ।

ਸੋ ਦਿਲਜੀਤ – ਮੋਦੀ ਮਿਲਣੀ ਨੂੰ ਇਕ ਧਿਰ, ਧਰਮ ਤੇ ਪਾਰਟੀ ਦੇ ਜਾਵੀਏ ਤੋਂ ਸਮਝ ਕੇ ਤੇ ਬਿਆਨ ਦੇਣੇ, ਦਰਅਸਲ ਬਿਨਾ ਸੋਚੇ ਸਮਝੇ ਆਲੋਚਨਾ ਕਰ ਦੇ ਤੁੱਲ ਹੈ ਜੋ ਕਿ ਨਿਰੀ ਹੂੜ ਮੱਤ ਜਾਂ ਮੂੜ ਮੱਤ ਤੋ ਵੱਧ ਹੋਰ ਕੁੱਝ ਵੀ ਨਹੀਂ ।

ਮੇਰੀ ਜਾਚੇ ਦਿਲਜੀਤ ਦੁਸਾਂਝ ਕੋਈ ਦੁੱਧ ਚੁੰਘਦਾ ਬੱਚਾ ਨਹੀਂ , ਉਸ ਨੂੰ ਏਨੀ ਕੁ ਸਮਝ ਤਾਂ ਹੈ ਕਿ ਉਸ ਨੇ ਕਿਸ ਨੂੰ ਮਿਲਣਾ ਹੈ ਤੇ ਕਿਸ ਨੂੰ ਨਹੀਂ । ਉਸ ਨੇ ਕਿਹੜੇ ਬੰਦੇ ਦੇ ਅਖਾੜਾ ਲਾਉਣ ਦੀ ਸਾਈ ਫੜਨੀ ਤੇ ਕਿਹੜੇ ਦੀ ਨਹੀਂ ? ਇਸ ਕਰਕੇ ਉਸ ਨੂੰ ਬਿਨਾ ਮੰਗੇ ਸਲਾਹਾਂ ਦੇਣ ਦੀ ਜਰੂਰਤ ਨਹੀਂ । ਇਹ ਬਿਲਕਲ ਉਸੇ ਤਰਾਂ ਦੀ ਬੇਤੁਕੀ ਗੱਲ ਹੋਵੇਗੀ ਕਿ ਜਿਵੇਂ ਕਿਸੇ ਐਕਟਰ ਨੂੰ ਲੋਕਾਂ ਵਲੋਂ ਇਹ ਕਿਹਾ ਜਾਵੇ ਕਿ ਉਸ ਨੇ ਕਿਹੜੀ ਫਿਲਮ ਵਾਲ ਕਟਾ ਕੇ ਬਣਾਉਣੀ ਹੈ ਤੇ ਕਿਹੜੀ ਵਾਲ ਰੱਖਕੇ ਜਾਂ ਪੱਗ ਬੰਨ੍ਹਕੇ ਜਾਂ ਕਿਹੜਾ ਕਿਰਦਾਰ ਨਿਭਾਉਣਾ ਹੈ ਜਾਂ ਨਹੀਂ, ਜਾਂ ਫਿਰ ਬਿਰਲੇ, ਅਡਾਨੀਆਂ ਅਤੇ ਅੰਬਾਨੀਆਂ ਦੇ ਕਿਹੜੇ ਪਰੋਗਰਾਮ ਵਿਚ ਜਾਣਾ ਹੈ ਜਾਂ ਨਹੀਂ ? ਕਿਸ ਤਰਾਂ ਦੇ ਕੱਪੜੇ ਪਾਉਣੇ ਹਨ ਤੇ ਕਿਸ ਤਰਾਂ ਦੇ ਨਹੀਂ । ਇਸ ਤਰਾਂ ਦੇ ਫਾਲਤੂ ਸਵਾਲ ਉਠਾਉਣੇ ਤੇ ਫਿਰ ਉਹਨਾਂ ਉੱਤੇ ਮੀਡੀਏ ਰਾਹੀਂ ਬਹਿਸ ਕਰਨੀ ਦਰਅਸਲ ਬੇਕਾਰ ਤੇ ਮੂਰਖਤਾ ਹੈ ਕਿਉਂ ਕਿ ਕਲਾਕਾਰੀ ਵੀ ਇਕ ਵਪਾਰ ਹੈ, ਉਹ ਕਲਾਕਾਰ ਦੀ ਰੋਜੀ ਰੋਟੀ ਹੈ ਜਿਸ ਕਰਕੇ ਕਲਾਕਾਰ ਆਪਣੀ ਮਰਜੀ ਮੁਤਾਬਿਕ ਕਿਸੇ ਸੱਦੇ ਬੁਲਾਵੇ ਉੱਤੇ ਜਾਣ ਅਤੇ ਪਹਿਨ ਪਹਿਨਾਵੇ ਦਾ ਆਪਣਾ ਰਾਖਵਾਂ ਹੱਕ ਰੱਖਦਾ ਹੈ।

ਇਸੇ ਤਰਾਂ ਕਿਸੇ ਕਲਾਕਾਰ ਨੂੰ ਕਿਸੇ ਧਿਰ, ਧਰਮ ਤੇ ਧੜੇ ਨਾਲ ਜੋੜ ਕੇ ਦੇਖਣਾ ਵੀ ਗਲਤ ਹੈ ਕਿਉਂਕਿ ਕਿਸੇ ਦੇ ਨਿੱਜ ਉੱਤੇ ਕਦੇ ਵੀ ਕਿਸੇ ਦੂਜੇ ਦਾ ਏਕਾ ਅਧਿਕਾਰ ਨਹੀਂ ਹੋ ਸਕਦਾ ਤੇ ਖਾਸ ਕਰਕੇ ਕਲਾਕਾਰ ਤਾਂ ਹੁੰਦਾ ਹੀ ਸਭ ਦਾ ਸਾਂਝਾ ਹੈ ਤੇ ਕਲਾ ਉਹ ਹੁੰਦੀ ਹੈ, ਜੋ ਸਿਰ ਚੜ੍ਹਕੇ ਬੋਲੇ । ਅਜ ਦਿਲਜੀਤ ਦਾ ਸਮਾ ਹੈ, ਉਸ ਦੀ ਮਿਹਨਤ ਤੇ ਕਲਾ ਲੋਕਾਂ ਦੇ ਸਿਰ ਚੜ੍ਹਕੇ ਬੋਲ ਰਹੀ ਹੈ । ਉਹ ਆਪਣੀ ਕਲਾ ਦੇ ਬਲਬੂਤੇ ਵਿਸ਼ਵ ਸਟਾਰ ਬਣਕੇ ਉਭਰਿਆ ਹੈ, ਉਸ ਨੇ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਪਰਚਾਰਕੇ ਤੇ ਪਰਸਾਰਕੇ ਮੁੜ ਜਿੰਦਾ ਕਰਨ ਤੇ ਉਸਦਾ ਸ਼ਮਲਾ ਉੱਚਾ ਕਰਨ ਵਿਚ ਆਪਣੀ ਅਹਿਮ ਭੂਮਿਕਾ ਅਦਾ ਕੀਤੀ ਹੈ ਤੇ ਉਸ ਨੂੰ ਇਸੇ ਸੰਦਰਭ ਵਿਚ ਸਮਝਣ ਤੇ ਸਤਿਕਾਰਨ ਦੀ ਜਰੂਰਤ ਹੈ। ਜੇਕਰ ਦੇਖਿਆ ਜਾਵੇ ਤਾਂ ਆਪਣੀ ਸਖਤ ਮਿਹਨਤ, ਲਗਨ ਤੇ ਦ੍ਰਿੜਤਾ ਰਾਹੀਂ ਇਸ ਸਮੇਂ, ਦਿਲਜੀਤ , ਆਲੋਚਨਾ ਅਤੇ ਛੋਟੀਆਂ ਮੋਟੀਆਂ ਨਿਘੋਚਾਂ ਦੇ ਦਾਇਰੇ ਤੋ ਬਹੁਤ ਉੱਤੇ ਚਲਾ ਗਿਆ ਹੈ ।

ਸੋ ਉਸ ਦੀ ਅਲੋਚਨਾ ਕਰਨ ਦੀ ਬਜਾਏ, ਇਸ ਸਮੇਂ ਉਸ ਦੀ ਸ਼ਲਾਘਾ ਕਰਨੀ ਬਣਦੀ ਹੈ, ਉਸ ਦੀ ਕਲਾਕਾਰੀ ਦਾ ਆਨੰਦ ਮਾਨਣਾ ਚਾਹੀਦਾ । ਦੂਜੀ ਗੱਲ ਇਹ ਹੈ ਕਿ ਦਿਲਜੀਤ ਬੜਾ ਸਮਝਦਾਰ ਮੁੰਡਾ ਹੈ, ਚੰਗੇ ਮਾੜੇ ਦੀ ਪਹਿਚਾਣ ਉਹ ਖੂਬ ਕਰ ਲੈਂਦਾ ਹੈ। ਉਸ ਉਤੇ ਭਰੋਸਾ ਰੱਖੋ, ਆਉਣ ਵਾਲੇ ਸਮੇ ਵਿਚ ਉਹ ਕੁੱਝ ਨਾ ਕੁੱਝ ਚੰਗਾ ਹੀ ਕਰੇਗਾ, ਅਜਿਹਾ ਮੇਰਾ ਵਿਸ਼ਵਾਸ਼ ਹੈ। ਬਹੁਤ ਚੰਗਾ ਹੋਵੇਗਾ ਕਿ ਸ਼ੋਸ਼ਲ ਮੀਡੀਏ ਦਾ ਇਸਤੇਮਾਲ ਸੌੜੀ ਸੋਚ ਵਾਸਤੇ ਜਾਂ ਕਿਸੇ ਦੀਆਂ ਲੱਤਾਂ ਖਿੱਚਣ ਵਾਸਤੇ ਨਾ ਕੀਤਾ ਜਾਵੇ। ਇਸ ਪਲੇਟ ਫਾਰਮ ਦੀ ਵਰਤੋਂ ਜੇਕਰ ਚੰਗੇ ਨੂੰ ਇਮਾਨਦਾਰੀ ਨਾਲ ਚੰਗਾ ਤੇ ਮੰਦੇ ਨੂੰ ਮੰਦਾ ਕਹਿਣ ਵਾਸਤੇ ਕੀਤੀ ਜਾਵੇ ਤਾਂ ਨੇੜ ਭਵਿੱਖ ਵਿਚ ਸਾਡੇ ਸਮਾਜ ਚ ਕਿਸੇ ਵੱਡੇ ਬਦਲਾਓ ਦੀ ਆਸ ਕੀਤੀ ਜਾ ਸਕਦੀ ਹੈ। ਇਹ ਗੱਲ ਵੀ ਪੱਲੇ ਬੰਨ੍ਹੀਏ ਕਿ ਦੂਸਰੇ ਵਿਚ ਗਲਤੀਆਂ ਕੱਢਣ ਦੀ ਬਜਾਏ ਆਪਣੇ ਆਪ ਨੂੰ ਸੁਧਾਰੀਏ ਤੇ ਆਪਣੇ ਫਰਜ ਅਦਾ ਕਰਨ ਵੱਲ ਧਿਆਨ ਕੇਂਦਰਿਤ ਕਰੀਏ ਤਾਂ ਅਜਿਹਾ ਕਰਨ ਨਾਲ ਆਪਣਾ ਵੀ ਤੇ ਸਮਾਜ ਦਾ ਵੀ, ਦੋਵੀਂ ਪਾਸੀਂ ਭਲਾ ਹੈ ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)
+44 7806 945964



# ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ

ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਧਰਤੀ ਦੁਲਹਨ ਵਾਂਗ ਸਜਾ ਕੇ ਆਈ ਫੇਰ ਬਸੰਤ।
ਖੁਸ਼ਬੂਆਂ ਦੇ ਅਲੰਕਾਰ ਸੁਸ਼ੋਭਿਤ ਵਿੱਚ ਹਵਾਵਾਂ ਦੇ।
ਸਰਸਵਤੀ ਦੇ ਉਤਸਵ ਚਾਰ ਚੁਫ਼ੇਰੇ ਰਾਹੂਾਂ ਦੇ।
ਬਨਸਪਤੀ ਦੇ ਵਿਚ ਨਹਾ ਕੇ ਆਈ ਫੇਰ ਬਸੰਤ
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਅਠਖੇਲੀਆਂ ਦੇ ਮਨਮੌਜੀ ਦ੍ਰਿਸ਼-ਦਰਸ਼ਨ ਲੈ ਕੇ।
ਮੌਸਮ ਪਰਿਵਰਤਨ ਵਾਲੇ ਨਿੱਘ ਅਰਪਨ ਲੈ ਕੇ।
ਨਿਰਮਲਤਾ ਦਾ ਸੰਤੋਖ ਉਠਾ ਕੇ ਆਈ ਫੇਰ ਬਸੰਤ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਫਸਲਾਂ, ਫੁੱਲਾਂ ਦੇ ਜੋਬਨ 'ਤੇ ਬੇਪਰਵਾਹ ਸਵਾਗਤ।
ਕੁਦਰਤ ਨੇ ਹਸਤਾਖਰ ਕਰਕੇ ਲਿਖ ਦਿੱਤੀ ਈਬਾਦਤ।
ਧੁੱਪਾਂ ਛਾਵਾਂ ਨਾਲ ਨਹਾ ਕੇ ਆਈ ਫੇਰ ਬਸੰਤ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਭੁੱਗਾ, ਰੌ, ਗੁੜ, ਰਿਉੜੀ, ਗਚਕ ਪਤੀਸਾ ਮੂੰਗਫਲੀ।
ਖਿਚੜੀ, ਸਾਗ, ਦਹੀਂ, ਮੱਖਣ, ਘਿਓ, ਮਿਸ਼ਰੀ ਦੀ ਡਲੀ।
ਜ਼ਾਇਕੇਦਾਰ ਤਿਉਹਾਰ ਬਣਾ ਕੇ ਆਈ ਫੇਰ ਬਸੰਤ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਸਾਂਝਾਂ ਦੀ ਵਾਰਿਸ, ਰੁੱਤਾਂ ਦੀ ਰਾਣੀ ਕਹਿਲਾ ਕੇ।
ਅਭਿਵਾਦਨ ਕਰਦੀ ਫੁਲਕਾਰੀ ਦਾ ਘੁੰਡ ਉਠਾ ਕੇ।
ਚੰਚਲਤਾ ਦੇ ਵਿੱਚ ਸ਼ਰਮਾ ਕੇ ਆਈ ਫੇਰ ਬਸੰਤ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਅੰਬਰ ਵਿਚ ਕੀਤੀ ਚਿੱਤਰਕਾਰੀ ਡੋਰ ਪਤੰਗਾਂ ਨੇ।
ਇੱਕ ਅਲੌਕਿਕ ਸੁੰਦਰ ਤੋਹਫ਼ਾ ਦਿੱਤਾ ਰੰਗਾਂ ਨੇ।
ਖੁਸ਼ੀਆਂ ਦੀ ਉਪਮਾ ਅਪਣਾ ਕੇ ਆਈ ਫੇਰ ਬਸੰਤ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।
ਮਾਨਵਤਾ ਦੀ ਆਸ਼ਾ ਚਰਿੱਤਰ ਅੰਗੀਕਾਰ ਬਣੇ।
ਘਰ-ਘਰ ਦੇ ਵਿਚ 'ਬਾਲਮ' ਪਿਆਰ ਬਣੇ ਸਤਿਕਾਰ ਬਣੇ।
ਰੰਗਾਂ, ਧਰਮਾਂ ਨੂੰ ਸਮਝਾ ਕੇ ਆਈ ਫੇਰ ਬਸੰਤ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ।

ਬਲਵਿੰਦਰ 'ਬਾਲਮ',
ਵੱਟਸਐਪ – 98156-25409

# ਕਵਿਤਾ- ਪੰਡ ਦੁੱਖਾਂ ਦੀ

ਐਨੀ ਮਾੜ੍ਹੀ ਨਾ ਕਰ,
ਤੂੰ ਨਾਲ ਸਾਡੇ,
ਕਿ ਅਸੀਂ ਜਿਉਂਦਿਆਂ ਜੀ ਹੀ,
ਬਿਨ ਤੇਰੇ ਮਰ ਜਾਈਏ।
ਉਠਾਇਆ ਨਹੀਂ ਜਾਂਦਾ ਸਾਥੋਂ,
ਬੋਝ ਜ਼ਿੰਦਗੀ ਦਾ ਬਿਨ ਤੇਰੇ,
ਦੱਸ ਕਿਵੇਂ ਪੰਡ ਦੁੱਖਾਂ ਦੀ,
ਬਿਨ ਤੇਰੇ ਉਠਾਈਏ।

ਮੈਂ ਕਦ ਕਿਹਾ ਤੈਨੂੰ,
ਭੁੱਲਾ ਦੇ ਤੂੰ ਸਾਰੇ,
ਵਿਆਹ ਵਾਲੇ ਚਾਅ ਨੀ।
ਇੱਕੋ ਇੱਛਾ ਮੇਰੀ ਤਾਂ,
ਭੁੱਲਾ ਗਿਲੇ ਸ਼ਿਕਵੇ ਸਾਰੇ,
ਨੈਣ ਜੋਤੀਏ ਮੁੱਖੜਾ ਦਿਖਾ ਨੀ।


ਨਾਲ ਸਾਡੇ ਕਿਸੇ ਨਾ,
ਕਦਮ ਮਿਲਾਇਆ ਏ।
ਤੇਰੇ ਜਾਣ ਪਿਛੋਂ ਨਾ ਕੋਈ,
ਦਿਲ ਚ ਵਸਾਇਆ ਏ।
ਲਿਖ ਪਤਾ ਮੈਸੇਜ ਕਰ ਮੈਨੂੰ,
ਫਿਰ ਕਹੀ ਮਾੜ੍ਹਾ ਜੇ,
ਮਿਲਣ ਨਾ ਆਈਏ।
ਐਨੀ ਮਾੜ੍ਹੀ ਨਾ ਕਰ...
ਐਨੀ ਮਾੜ੍ਹੀ ਨਾ ਕਰ...

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ,
ਸੰਗਰੂਰ।
9463162463






ਪੰਜਾਬ ਸਟਾਰ
www.punjabstar.com



# ਸਾਹਿਬ ਏ ਕਮਾਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ...



ਧੰਨ ਧੰਨ ਧੰਨ ਜਨ ਆਇਆ।
ਜਿਸ ਪ੍ਰਸ਼ਾਦਿ ਸਭੁ ਜਗਤ ਤਰਾਇਆ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਮਾਤਾ ਗੁਜਰ ਕੌਰ ਦੀ ਕੁੱਖੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਿਹੜੇ ਵਿੱਚ 22 ਦਿਸੰਬਰ 1666 ਨੂੰ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ। ਉਸ ਸਮੇ ਭਾਰਤ ਦੇ ਹਾਲਾਤ ਬਹੁਤੇ ਵਧੀਆ ਨਹੀ ਸਨ। ਭਾਰਤ ਵਿੱਚ ਔਰੰਗਜ਼ੇਬ ਦੀ ਤੂਤੀ ਬੋਲਦੀ ਸੀ,ਕਿਉ ਜੋ ਉਸਨੇ ਆਪਣੇ ਪਿਤਾ ਅਤੇ ਭਰਾਵਾਂ ਨੂੰ ਦੁੱਖ ਦੇ ਕੇ ਰਾਜ ਪ੍ਰਾਪਤ ਕੀਤਾ ਸੀ। ਜੋ ਆਪਣਿਆਂ ਨੂੰ ਦੁੱਖ ਦੇ ਸਕਦਾ,ਬਾਕੀ ਲੋਕਾਈ ਉਸਦੀ ਕੀ ਲੱਗਦੀ ਸੀ। ਇਧਰ ਗੁਰੂ ਤੇਗ ਬਹਾਦਰ ਸਾਹਿਬ ਜੀ ਜਨਮ ਸਮੇ ਬੰਗਾਲ ਆਸਾਮ ਵਿੱਚ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੇ ਸਨ। ਮਾਮਾ ਕ੍ਰਿਪਾਲ ਚੰਦ ਜੀ ਨੇ ਬੱਚੇ ਦਾ ਨਾਮ ਗੋਬਿੰਦ ਰਾਏ ਰੱਖਿਆ। ਗੋਬਿੰਦ ਰਾਏ ਜੀ ਨੇ ਬਚਪਨ ਵਿੱਚ ਬਹੁਤ ਸਾਰੇ ਕੌਤਿਕ ਰਚਾਏ। ਬੱਚਿਆ ਨਾਲ ਖੇਡਦੇ ਸਮੇ ਕਈ ਘਟਨਾਵਾਂ ਦਾ ਜਿਕਰ ਆਉਂਦਾ ਹੈ। ਗੁਲੇਲ ਚਲਾਉਣੀ,ਬੱਚਿਆ ਦੀਆ ਟੋਲੀਆਂ ਬਣਾ ਕੇ ਯੁੱਧ ਦਾ ਅਭਿਆਸ ਕਰਨਾ,ਰਾਜੇ ਮੈਨਨ ਦੀ ਰਾਣੀ ਦਾ ਮਿਲਾਪ ਆਦਿ। ਮੁਸਲਮਾਨ ਫਿਰਕੇ ਵਿੱਚ ਨਾਮੀ ਫਕੀਰ ਪੀਰ ਬੁੱਧੂ ਸ਼ਾਹ ਜੀ ਨੂੰ ਦਰਸ਼ਨ ਦੇਣ ਵੇਲੇ ਹਿੰਦੂ-ਮੁਸਲਿਮ ਦਾ ਸਾਂਝਾ ਉਪਦੇਸ਼ ਦਿੱਤਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਨੰਦਪੁਰ ਸਾਹਿਬ ਵਸਾਇਆ। ਹਰੇਕ ਕਿਸਮ ਦੇ ਕਿਰਤੀ ਵਰਗ ਦੀ ਵਸੋਂ ਕੀਤੀ। ਇਸ ਨਾਲ ਹੀ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਲਿਆਂਦਾ। ਬਾਲ ਗੋਬਿੰਦ ਰਾਏ ਨੂੰ ਗੁਰਮੁੱਖੀ, ਬ੍ਰਿਜ, ਸ਼ਸਤਰ ਵਿਦਿਆ ਆਦਿ ਦੀ ਤਾਲੀਮ ਹਾਸਿਲ ਕਰਵਾਈ। ਔਰੰਗਜ਼ੇਬ ਨਿਤਾਪ੍ਰਤੀ ਹਿੰਦੂਆਂ ਉਪਰ ਜੁਲਮ ਢਾਹ ਰਿਹਾ ਸੀ। ਔਰੰਗਜ਼ੇਬ ਦੇ ਸਤਾਏ ਹਿੰਦੂ ਆਪਣਾ ਧਰਮ ਬਚਾਉਣ ਲਈ ਹਰ ਹੀਲਾ ਵਸੀਲਾ ਵਰਤ ਰਹੇ ਸਨ ਪ੍ਰੰਤੂ ਮਸਲਾ ਹੱਲ ਨਾ ਹੋਇਆ। ਅਖੀਰ ਵਿੱਚ ਜੰਮੂ-ਕਸ਼ਮੀਰ ਦੇ ਪੰਡਿਤ ਇਕੱਠੇ ਹੋ ਕੇ ਕਿਰਪਾ ਰਾਮ ਦੀ ਅਗਵਾਈ ਵਿੱਚ ਆਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆਏ। ਆਪਣਾ ਦੁੱਖ ਦੱਸਿਆ। ਬਾਲ ਗੋਬਿੰਦ ਰਾਏ ਨੇ ਗੁਰੂ ਪਿਤਾ ਨੂੰ ਪੰਡਿਤਾਂ ਦੀ ਮੱਦਦ ਲਈ ਕਿਹਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੁਖੀ ਹਿਦੂੰਆ ਨੂੰ ਧਰਵਾਸ ਦੇ ਕੇ ਕਿਹਾ ਕਿ ਔਰੰਗਜ਼ੇਬ ਨੂੰ ਕਹੋ,ਸਾਡੇ ਪੀਰ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੋ ਅਸੀ ਆਪਣੇ-ਆਪ ਮੁਸਲਮਾਨ ਬਣ ਜਾਵਾਂਗੇ। ਔਰੰਗਜ਼ੇਬ ਇਹ ਗੱਲ ਸੁਣ ਕੇ ਸੋਚਾਂ ਦੇ ਸਮੁੰਦਰ ਵਿਚ ਡੁੱਬ ਗਿਆ। ਬਗਾਵਤ ਦੀ ਬੋਅ ਦਿਸੀ। ਗੁਰੂ ਤੇਗ ਬਹਾਦਰ ਸਾਹਿਬ ਨੂੰ ਬੰਦੀ ਬਣਾਉਣ ਦਾ ਫੁਰਮਾਨ ਸੁਣਾਇਆ। ਗੁਰੂ ਤੇਗ ਬਹਾਦਰ ਜੀ ਸਿੱਖਾਂ ਨੂੰ ਨਾਲ ਲੈ ਕੇ ਰਸਤੇ ਵਿੱਚ ਪ੍ਰਚਾਰ ਕਰਦੇ ਹੋਏ ਆਗਰੇ ਜਾ ਕੇ ਗ੍ਰਿਫਤਾਰੀ ਦਿੱਤੀ। ਗੁਰੂ ਜੀ ਨੂੰ ਸਿੱਖਾਂ ਸਮੇਤ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨੂੰ ਲਾਲਚ, ਡਰਾਵੇ ਦਿੱਤੇ ਗਏ, ਗੁਰੂ ਜੀ ਟੱਸ ਤੋਂ ਮੱਸ ਨਾ ਹੋਏ। ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲ ਕੇ,ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਅਤੇ ਭਾਈ ਸਤੀ ਦਾਸ ਜੀ ਨੂੰ ਰੂੰਈਂ ਵਿੱਚ ਸਾੜ ਕੇ ਸ਼ਹੀਦ ਕੀਤਾ ਗਿਆ। ਗੁਰੂ ਜੀ ਅਡੋਲ ਰਹੇ। ਅਖੀਰ ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਗੁਰੂ ਸਾਹਿਬ ਦੇ ਸ਼ੀਸ਼ ਨੂੰ ਧੜ ਨਾਲੋਂ ਵੱਖ ਕਰ ਕੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਦੇ ਸ਼ੀਸ਼ ਨੂੰ ਭਾਈ ਜੈਤਾ ਜੀ ਸਤਿਕਾਰ ਸਹਿਤ ਆਨੰਦਪੁਰ ਸਾਹਿਬ ਲੈ ਕੇ ਆਏ। ਗੁਰੂ ਸਾਹਿਬ ਦੀ ਧੜ ਦਾ ਸੰਸਕਾਰ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਪੂਰੇ ਘਰ ਨੂੰ ਅੱਗ ਲਗਾ ਕੇ ਕੀਤਾ। ਬਾਲ ਗੋਬਿੰਦ ਰਾਏ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ---

ਰੰਗਰੇਟਾ ਗੁਰੂ ਕਾ ਬੇਟਾ।

1675 ਵਿਚ ਬਾਲ ਗੋਬਿੰਦ ਰਾਏ ਨੂੰ ਗੁਰਗੱਦੀ ਦਾ ਮਾਲਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਣਾਇਆ ਸੀ। ਗੁਰੂ ਨਾਨਕ ਦੇ ਘਰ ਦੀ ਵਡਿਆਈ ਦਿਨ ਪ੍ਰਤੀ ਦਿਨ ਵੱਧਦੀ ਗਈ। ਦੂਰਅੰਦੇਸ਼ੀ ਸੋਚ ਸਦਕਾ 20 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਅਨੋਖੇ ਕਾਰਜ ਨੂੰ ਨੇਪਰੇ ਚਾੜ੍ਹਿਆ। ਦੱਬੇ ਕੁਚਲੇ ਸਮਾਜ ਵਿੱਚੋਂ (ਨੀਵੀਆਂ ਸਮਝੀਆ ਜਾਤਾਂ)ਪੰਜ ਪਿਆਰੇ ਲੈ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਆਪੇ ਗੁਰੂ ਅਤੇ ਆਪੇ ਚੇਲਾ ਦਾ ਸੰਕਲਪ ਦ੍ਰਿੜ ਕਰਵਾਇਆ। ਐਸਾ ਸਿੰਘ ਸਾਜਿਆ, ਜੋ ਲੱਖਾਂ ਦੀ ਗਿਣਤੀ ਵਿੱਚ ਵੱਖਰਾ ਹੀ ਜਾਪਦਾ ਹੈ। ਸਿੰਘ ਨੂੰ ਵੱਖਰੀ ਪਛਾਣ, ਵੱਖਰੀ ਸੋਚ, ਵੱਖਰਾ ਪਹਿਰਾਵਾ,ਵੱਖਰਾ ਗ੍ਰੰਥ ਦਿੱਤਾ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਸਿੰਘ ਨੂੰ ਆਪਣਾ ਕਿਰਦਾਰ ਉਚਾ ਅਤੇ ਸੁੱਚਾ ਰੱਖਣ ਦਾ ਸੰਦੇਸ਼ ਦਿੱਤਾ। ਗਊ ਗਰੀਬ ਦੀ ਰੱਖਿਆ ਕਰਨ ਲਈ ਪ੍ਰੇਰਿਆ। ਧਰਮ ਤੇ ਆਂਚ ਆਣ ਤੇ ਮਰ ਮਿਟਣ ਦੀ ਗੁੜਤੀ ਦਿੱਤੀ। ਸ਼ਸਤਰ ਵਿਦਿਆ ਵਿਚ ਨਿਪੁੰਨ ਹੋਣ ਦੀ ਜਾਂਚ ਸਿਖਾਈ।

ਮੁਗਲ ਰਾਜਿਆਂ ਅਤੇ ਪਹਾੜੀ ਰਾਜਿਆਂ ਨੂੰ ਖਾਲਸਾ ਪੰਥ ਸਜਾਉਣ ਤੇ ਬਹੁਤ ਹੀ ਦਰਦ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨਾਲ ਆਨੀ ਬਹਾਨੀ ਲੜਾਈ ਮੁਲ ਲੈਣ ਲੱਗੇ। ਗੁਰੂ ਗੋਬਿੰਦ ਸਿੰਘ ਨੇ ਕਾਫੀ ਲੜਾਈਆਂ ਲੜੀਆਂ,ਜੋ ਹਮੇਸ਼ਾ ਹੀ ਜਿੱਤ ਹਾਸਲ ਕਰਦੇ ਸਨ। ਪਹਾੜੀ ਅਤੇ ਮੁਗਲ ਰਾਜਿਆਂ ਨੇ ਕਸਮਾਂ ਖਾ ਕੇ ਆਨੰਦਪੁਰ ਸਾਹਿਬ ਦਾ ਕਿਲਾ ਖਾਲੀ ਕਰਵਾਇਆ। ਬਾਅਦ ਵਿਚ ਕਸਮਾਂ ਤੋੜ ਕੇ ਹਮਲੇ ਕੀਤੇ। ਜਿਵੇ ਕਿ

ਸਰਸਾ ਨਦੀ, ਚਮਕੌਰ ਦੀ ਗੜੀ, ਖਿਦਰਾਣੇ ਦੀ ਢਾਬ ਆਦਿ।
ਸਵਾ ਲਾਖ ਸੇ ਏਕ ਲੜਾਈ, ਤਵੈ ਗੋਬਿੰਦ ਸਿੰਘ ਨਾਮ ਕਹਾਉ।

ਚਮਕੌਰ ਦੀ ਜੰਗ ਵਿੱਚ ਦਸ ਲੱਖ ਫੌਜ ਨਾਲ ਚਾਲੀ ਸਿੰਘਾਂ ਨੂੰ ਲੜਾ ਕੇ ਸਾਬਿਤ ਕਰ ਵਿਖਾਇਆ। ਦੋ ਵੱਡੇ ਸਪੁੱਤਰ ਅਤੇ ਸਿੰਘ ਇੱਥੇ ਸ਼ਹੀਦ ਹੋਏ। ਮਾਤਾ ਗੁਜਰ ਕੌਰ ਅਤੇ ਦੋ ਛੋਟੇ ਪੁੱਤਰ ਸਰਹਿੰਦ ਵਿਚ ਸ਼ਹੀਦ ਹੋਏ। ਇੰਨਾ ਕੁਝ ਵਾਪਰਨ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਡੋਲਿਆ ਨਹੀ,ਹਮੇਸ਼ਾ ਹੀ ਚੜਦੀ ਕਲਾ ਵਿੱਚ ਰਹਿਣ ਦਾ ਸੰਦੇਸ਼ ਦਿੱਤਾ। ਕਦੇ ਵੀ ਹਾਰ ਨਹੀ ਮੰਨੀ।

ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਕੁੱਝ ਸਮਾ ਗੁਜਰਾਨ ਕੀਤਾ। ਭਾਈ ਮਨੀ ਸਿੰਘ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪੂਰਨ ਕਰਵਾਈ। ਔਰੰਗਜ਼ੇਬ ਨੂੰ ਜਫਰਨਾਮਾ ਲਿਖ ਕੇ ਭੇਜਿਆ। ਔਰੰਗਜ਼ੇਬ ਨੇ ਜਦੋਂ ਜਫਰਨਾਮਾ ਪੜਿਆ ਤਾਂ ਸੱਚ ਪੜਕੇ ਪ੍ਰਾਣ ਪੰਖੇਰੂ ਕਰ ਦਿਤੇ। ਇਥੋਂ ਹੀ ਨੰਦੇੜ ਨੂੰ ਚਾਲੇ ਪਾ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਦਲਿਤ ਸਮਾਜ ਨੂੰ ਬਰਾਬਰਤਾ ਦੇਣ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਜਾਤ-ਪਾਤ ਦਾ ਖਾਤਮਾ ਕਰਨ ਲਈ ਯਤਨ ਆਰੰਭਿਆ। ਜਿਸ ਸਮਾਜ ਨੇ ਕੁਰਬਾਨੀਆਂ ਦੇ ਕੇ ਸਿੱਖੀ ਨੂੰ ਚੜਦੀ ਕਲਾ ਵਿੱਚ ਰੱਖਿਆ,ਉਸੇ ਸਮਾਜ ਨੂੰ ਸਿੱਖ ਧਰਮ ਤੋਂ ਦੂਰ ਰੱਖਣ ਦਾ ਕਿਤੇ ਕਿਤੇ ਯਤਨ ਕੀਤਾ ਗਿਆ ਜਾਪਦਾ ਹੈ। ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਭਾਰਤੀ ਸੰਵਿਧਾਨ ਦੀ ਰਚਨਾ ਕੀਤੀ ਸੀ। ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਸਿੱਖ ਧਰਮ ਅਪਣਾਉਣਾ ਚਾਹਿਆ ਸੀ,ਪਰ ਸਿੱਖ ਧਰਮ ਦੀ ਅਖੋਤੀ ਲੀਡਰਸ਼ਿਪ ਨੇ ਆਪਣੀ ਸਮਝ ਅਨੁਸਾਰ ਦੂਰ ਰੱਖਿਆ। ਕਿਤੇ ਕਿਤੇ ਸਮਾਜ ਵਿੱਚ ਮਾੜੀਆਂ ਘਟਨਾਵਾਂ ਵਾਪਰਨ ਦੀਆਂ ਕਨਸੋਆਂ ਪੈਂਦੀਆਂ ਹਨ। ਸਿੱਖ ਕੌਮ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆ ਹਨ। ਭਾਰਤੀ ਸੰਵਿਧਾਨ ਨੂੰ ਬਦਲਣ ਦੀ ਭਿਣਕ ਨਜ਼ਰ ਪੈਂਦੀ ਹੈ।

ਆਉ ਰਲ ਮਿਲ ਕੇ ਸਿੱਖ ਧਰਮ ਨੂੰ ਆਉਂਦੀਆਂ ਦਰਪੇਸ਼ ਮੁਸ਼ਕਿਲਾਂ ਦਾ ਟਾਕਰਾ ਕਰਨ ਦਾ ਯਤਨ ਕਰੀਏ। ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਦੀ ਵਿਚਾਰਧਾਰਕ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ। ਖਾਲਸਾਈ ਫਤਿਹ ਬੁਲੰਦ ਕਰੀਏ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ ਹੋਣ ਜੀ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।



ਹਰਜਿੰਦਰ ਸਿੰਘ ਖੰਨਾ,
62805-89127

# ਮੇਰੇ ਗੁਰੂ ਜੀ...



ਮੇਰੇ ਗੁਰੂ ਜੀ ਦਾ ਵੇਖੋ ਸਾਰੇ ਜਿਗਰਾ,
ਪਿਤਾ ਵੀ ਤਾਂ ਉਨ੍ਹਾਂ ਨੇ ਸੀ ਆਪ ਵਾਰਿਆ,
ਵਾਰੇ ਪੁੱਤ ਚਾਰੇ ਹੌਂਸਲਾ ਨਾ ਛੱਡਿਆ,
ਸਿੱਖੀ ਲਈ ਜੀ ਸਾਰਾ ਪਰਿਵਾਰ ਵਾਰਿਆ,
ਵਾਰੇ ਪੁੱਤ ਚਾਰੇ ਹੌਂਸਲਾ ਨਾ ਛੱਡਿਆ,
ਸਿੱਖੀ ਲਈ ਜੀ ਸਾਰਾ ਪਰਿਵਾਰ ਵਾਰਿਆ।

ਦਿਨ ਜੀ ਵਿਸਾਖੀ ਥਾਪਿਆ ਸੀ ਖਾਲਸਾ,
ਜਾਤ ਪਾਤ ਵਾਲੀ ਮੁੱਕ ਗਈ ਸੀ ਲਾਲਸਾ,
ਕਿਹਾ ਵੈਰੀਆਂ ਲਈ ਤਿੱਖੀ ਤਲਵਾਰ ਬਣੂੰਗਾ,
ਨਿਮਾਣਿਆਂ ਦੇ ਅੰਗ ਸੰਗ ਰਹੂ ਖਾਲਸਾ,
ਰਹਿਣ ਕੇਸਰੀ ਨਿਸ਼ਾਨ ਸਦਾ ਝੂਲਦੇ,
ਮਨ ਵਿੱਚ ਗੁਰਾਂ ਨੇ ਸੀ ਆਪ ਧਾਰਿਆ,
ਵਾਰੇ ਪੁੱਤ ਚਾਰੇ ਹੌਂਸਲਾ ਨਾ ਛੱਡਿਆ,
ਸਿੱਖੀ ਲਈ ਜੀ ਸਾਰਾ ਪਰਿਵਾਰ ਵਾਰਿਆ।

ਸਰਸਾ ਨਦੀ ਨੇ ਤਾਂ ਕਹਿਰ ਹੀ ਕਮਾਇਆ ਸੀ,
ਰਸਤੇ ਦੀ ਥਾਂ ਪਾਣੀ ਸਿਰੋਂ ਲੰਘ ਆਇਆ ਸੀ,
ਤੱਕ ਸਮਾਂ ਅੰਬਰ ਨਾ ਸਬਰ ਰੱਖ ਪਾਇਆ,
ਗਵਾ ਸਭ ਜਦ ਡੇਰਾ ਜੰਗਲਾਂ 'ਚ ਲਾਇਆ ਸੀ,
ਸਿਰ ਕਦੇ ਕੌਮ ਦਾ ਨਾ ਝੁੱਕ ਜਾਵੇ ਨੀਵਾਂ,
ਇਸੇ ਲਈ ਸੀ ਖੜ ਵੈਰੀ ਨੂੰ ਵੰਗਾਰਿਆ,
ਵਾਰੇ ਪੁੱਤ ਚਾਰੇ ਹੌਂਸਲਾ ਨਾ ਛੱਡਿਆ,
ਸਿੱਖੀ ਲਈ ਜੀ ਸਾਰਾ ਪਰਿਵਾਰ ਵਾਰਿਆ।

ਵੱਡੇ ਪੁੱਤ ਜੰਗ ਲਈ ਆਪ ਹੀ ਸਜਾਏ ਸੀ,
ਮੁੜ ਕੇ ਨਹੀਂ ਆਉਣਾ ਤਾਵੀਂ ਨਾ ਘਬਰਾਏ ਸੀ,
ਪੂਰੀ ਦੇ ਕੇ ਹੱਲਾਸ਼ੇਰੀ ਹੱਥੀਂ ਸੀਗਾ ਤੋਰਿਆ,
ਨਾ ਹੀ ਅੱਖ ਨਮ ਨਾ ਹੀ ਮੁੱਖ ਜਾਂਦੇ ਮੋੜਿਆ,
ਸਿਵੀਆ ਗੜ੍ਹੀ ਚਮਕੌਰ ਵਾਲੀ ਦੱਸੇ ਇਤਿਹਾਸ,
ਕਿਵੇਂ ਜੰਗ ਦੇ ਮੈਦਾਨੀਂ ਵੈਰੀ ਸੀ ਲਿਤਾੜਿਆ,
ਵਾਰੇ ਪੁੱਤ ਚਾਰੇ ਹੌਂਸਲਾ ਨਾ ਛੱਡਿਆ,
ਸਿੱਖੀ ਲਈ ਜੀ ਸਾਰਾ ਪਰਿਵਾਰ ਵਾਰਿਆ।

ਧੰਨ ਮਾਤਾ ਗੁਜਰੀ ਤੇ ਲਾਲ ਜੀ ਨੇ,
ਕੈਦ ਠੰਡੇ ਜੋ ਬੁਰਜ ਵਿੱਚ ਹੋ ਗਏ,
ਸੀ ਵੇਖ ਕੰਧ ਸਰਹੰਦ ਧਾਹਾਂ ਮਾਰਦੀ,
ਹੱਸਦੇ ਸੀ ਬਾਲ ਨੀਹਾਂ 'ਚ ਖਲੋ ਗਏ,
ਬੁਲਾਉਂਦੇ ਰਹੇ ਫਤਿਹ ਸਿਰ ਉੱਚਾ ਕਰਕੇ,
ਕਦੇ ਵੀ ਨਾ ਆਪਣਾ ਜ਼ਮੀਰ ਹਾਰਿਆ,
ਵਾਰੇ ਪੁੱਤ ਚਾਰੇ ਹੌਂਸਲਾ ਨਾ ਛੱਡਿਆ,
ਸਿੱਖੀ ਲਈ ਜੀ ਸਾਰਾ ਪਰਿਵਾਰ ਵਾਰਿਆ।

ਗਗਨਦੀਪ ਕੌਰ ਸਿਵੀਆ, 81468-22522

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ। ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann

| Springdale | Hamilton | Brampton | Markham | Airport Rd. | India |
|---|---|---|---|---|---|
| 905-497-6300 | 905-930-7700 | 905-595-2000 | 416-603-1800 | 905-595-1700 | 01624-223315-16-17 |
| 1098 Peter Robertson Blvd., #3 (Springdale) Brampton | 06-141 Highway 8, Stoney Creek | 499 Raylawson Blvd., Unit #32, Brampton, ON | 45 Karachi Dr., Unit 45 Markham | 60 Cottrelle Blvd. Unit 12C, Brampton | opp Union Bank of India Tehsil Rd, Jagraon |


SKYDOME GROUP OF COMPANIES
Ontario MINISTRY OF TRANSPORTATION Approved Repair Centre
FLEET DISCOUNTS
Towing Across North America
www.skydomeauto.ca
Drive Clean Test & Repair Facility
Specialize In:
- Paint, Collision
- Mechanical Work
- Fleet Paint & Body Work
- Insurance Claims Welcome
Daljit Singh Gaidhu
Satnam Singh Satbir Singh Inderpal Singh InderJit Singh
www.skydomeauto.ca
http://skydomeauto.goldbook.ca
TIRES
4 Locations To Serve You! Head Office: 905-874-9878

| SKYDOME AUTO & BODY CENTRE | SKYDOME EMISSION & ALIGNMENT CENTRE | SKYDOMETRUCK CENTRE | SKYDOME AUTO SALES |
|---|---|---|---|
| 308 Rutherford Rd. Brampton, ON L6W 3K7 Office: 905-874-9878 \| Fax: 905-874-9747 skydome_auto@hotmail.com | 210 RUTHERFORD RD SOUTH OFFICE : 9054509878 FAX:-905-450-9808. | 30 STAFFORD DR BRAMPTON OFFICE: 905-460-1414 FAX: 905-460-9451 | 30 STAFFORD DR BRAMTPON, ON, L6W 1L4 DILJIT : 416-305-9878 |

ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338